ਅਜ਼ਾਦ

# ਸਿਖ ਰਾਜ ਦੇ ਸਿੱਕੇ

## ਸਿੱਖਾਂ ਦੀ ਪ੍ਰਭੁਤਾ ਦੀ ਨਿਸ਼ਾਨੀ



ਤਨਵੀਰ ਸਿੰਘ

ਇਹ ਸਫਾ ਜਾਣ ਬੁਝ ਕੇ ਖਾੱਲੀ ਛੱਡਿਆ ਗਇਆ ਹੈ ॥

ਅਜ਼ਾਦ

# ਸਿਖ ਰਾਜ ਦੇ ਸਿੱਕੇ

## ਸਿੱਖਾਂ ਦੀ ਪ੍ਰਭੁਤਾ ਦੀ ਨਿਸ਼ਾਨੀ

**ISBN: 978-1-7772544-1-4**

ਤਨਵੀਰ ਸਿੰਘ

ਅਕੱਥ ਕਥਾ ਪਬਲੀਕੇਸ਼ਨ੍ਸ । ਓਪਨ ਗੁਰਦੁਆਰਾ ਫਾਉਂਡੇਸ਼ਨ

ਓਂਟੈਰੀਓ । ਕੈਨਡਾ

Akath Katha Publications

Open Gurdwara Foundation

Toronto, Ontario, Canada

This work is licensed under a Creative Commons Attribution-NonCommercial-NoDerivatives 4.0 International (CC BY-NC-ND 4.0) available at https://creativecommons.org/licenses/by-nc-nd/4.0/

You are free:
to Share – to copy, distribute and transmit this work (Azad Sikh Raj De Sikke, Sikhan Di Prabhuta Di Nishani)

Under the following conditions:

| | |
|---|---|
| Attribution | You must attribute this work (but not in any way that suggests that the author or Akath Katha Publications, endorse you or your use of the work). |
| Non commercial | You may not use this work for commercial purposes. |
| No Derivative Works | You may not alter, transform, or build upon this work. |

With the understanding that:

| | |
|---|---|
| Waiver | Any of the above conditions can be waived if you get permission from the copyright holder. |
| Public Domain | Where the work or any of its elements is in the public domain under applicable law, that status is in no way affected by the license. |
| Other Rights | In no way are any of the following rights affected by the license:<br>• Your fair dealing or fair use rights, or other applicable copyright exceptions and limitations;<br>• The author's moral rights;<br>• Rights other persons may have either in the work itself or in how the work is used, such as publicity or privacy rights. |
| Notice | For any reuse or distribution, you must make clear to others the license terms of this work. |

2021 Tanveer Singh, Akath Katha Publications, Ontario, Canada. Some rights reserved.

ਇਹ ਕਾਰਜ(ਅਜ਼ਾਦ ਸਿੱਖ ਰਾਜ ਦੇ ਸਿੱਕੇ ਸਿੱਖਾਂ ਦੀ ਪ੍ਰਭੁਤਾ ਦੀ ਨਿਸ਼ਾਨੀ) ਆਮ ਸਿਰਜਨਾਤਮਕ ਗੁਣ ਆਰੋਪਣ-ਗੈਰ ਵਪਾਰਕ-ਗੈਰ ਵਿਉਤਪਨ੍ਹ ੪.੦ ਬੇ ਤਬਦੀਲ ਆਗ੍ਿਆ ਪੜ੍ਹਰ ਹੇਠ ਮੁਹੱਇਆ ਕਰਾਇਆ ਗਇਆ ਹੈ ॥

ਤੁਸੀਂ ਅਜਾਦ ਹੋਂ:

ਇਸ ਕਾਰਜ ਨੂੰ ਸਾਂਝਾ ਕਰਨ ਵਾਸ੍ਤੇ। ਜਾਂ ਫੇਰ ਇਸਦੀਆਂ ਨਕਲਾਂ ਕਰਨ ਵਾਸ੍ਤੇ। ਜਾਂ ਫੇਰ ਇਸ ਕਾਰਜ ਨੂੰ ਵੰਡਨ ਜਾਂ ਪਰਚਾਰ ਕਰਨ ਵਾਸ੍ਤੇ ॥

ਸਿਰਫ ਹੇਠ ਲਿਖੀਆਂ ਸ਼ਰਤਾਂ ਦੇ ਮੁਤਾਬਕ:

**ਗੁਣ ਆਰੋਪਣ** ਇਸ ਕਾਰਜ ਦਾ ਗੁਣ ਆਰੋਪਣ ਕਰਨਾ ਹੈ(ਮਗਰ ਇਸ ਤਰੀਕੇ ਨਾਲ ਨਹੀਂ ਕਿ ਇੰਞ ਜਾੱਪੇ ਕਿ ਤੁਹਾਨੂੰ ਲੇਖਕ ਜਾਂ ਅਕੱਥ ਕਥਾ ਪਬਲੀਕੇਸ਼ੁਸ ਦੀ ਆਗ੍ਿਆ ਪ੍ਰਾਪਤ ਹੈ ਜਾਂ ਲੇਖਕ ਤੁਹਾਡੇ ਨਾਲ ਸਹਮਤਿ ਹੈ)

**ਗੈਰ ਵਪਾਰਕ** ਇਸ ਕਾਰਜ ਦਾ ਇਸ੍ਤੁਮਾਲ ਤੁਸੀ ਕਿਸੇ ਵਪਾਰਕ ਕੰਮ ਵਾਸ੍ਤੇ ਜਾਂ ਪੈਸਾ ਕਮਾਉਣ ਵਾਸ੍ਤੇ ਨਹੀਂ ਕਰ ਸਕਦੇ ॥ ਤੁਸੀਂ ਇਸਨੂੰ ਛਾਪ ਕੇ ਵੇਚ ਨਹੀਂ ਸਕਦੇ ਅਤੇ ਇਸ'ਤੋਂ ਮੁਨਾਫਾ ਨਹੀਂ ਕਮਾ ਸਕਦੇ ॥

**ਗੈਰ ਵਿਉਤਪੱਨ** ਤੁਸੀਂ ਇਸ ਕਾਰਜ'ਚ ਫੇਰ ਬਦਲ ਨਹੀਂ ਕਰ ਸਕਦੇ ਜਾਂ ਫੇਰ ਹ੍ਿਧੇ'ਤੇ ਅਧਾਰਤ ਕੋਈ ਹੋਰ ਕਾਰਜ ਨਹੀਂ ਬਨਾ ਸਕਦੇ ॥

ਇਸ ਸਮਝ ਨਾਲ ਕਿ:

**ਛੋਟ** ਉੱਪਰ ਲਿਖੀਆਂ ਸਾਰੀਆਂ ਸ਼ਰਤਾਂ'ਤੋਂ ਛੋਟ ਮਿਲ ਸਕਦੀ ਹੈ ਜੇਕਰ ਤੁਸੀਂ ਲੇਖਕ(ਕਾਪੀਰਾਈਟ ਹੋਲਡਰ) ਤੋਂ ਆਗ੍ਿਆ ਪ੍ਰਾਪਤ ਕਰ ਲਵੋਂ

**ਲੋਕੱਕ ਕਾਰਜ ਖੇਤਰ** ਜੇਕਰ ਇਹ ਕਾਰਜ ਜਾਂ ਇਸ ਕਾਰਜ ਦੇ ਕੁਝ ਤਤੂ ਲੋਕੱਕ ਕਾਰਜ ਖੇਤਰ'ਚ ਹਣ ਇਸ ਆਗਿਆ ਪੜ੍ਹਰ ਨਾਲ ਉਧੀ ਹੈਸਿਅਤ'ਚ ਕੋਈ ਤਬਦੀਲੀ ਨਹੀਂ ਆਵੇਗੀ

**ਬਾਕੀ ਹੱਕ** ਹੇਠ ਲਿਖੇ ਹੱਕ ਕਿਸੇ ਭੀ ਤਰੀਕੇ ਨਾਲ ਇਸ ਆਗ੍ਿਆ ਪੜ੍ਹਰ ਕਰਕੇ ਅਸਰ ਪਾਉਂਦੇ ਨੇ:

- ਤੁਹਾਡਾ ਵਾਜਬ ਇਸ੍ਤੁਮਾਲ ਕਰਨ ਦਾ ਹੱਕ ਜਾਂ ਫੇਰ ਲਾਗੂ ਕਾਪੀਰਾਈਟ ਦੀਆਂ ਕਮਜੋਰੀਆਂ ਜਾਂ ਛੋਟ
- ਲੇਖਕ ਦੇ ਨੈਤਕ ਹੱਕ
- ਬਾਕੀ ਲੋਕਾਂ ਦੇ ਹੱਕ ਇਸ ਕਾਰਜ'ਚ ਜਾਂ ਜਿਵੇਂ ਇਸ ਨੂੰ ਇਸ੍ਤੁਮਾਲ ਕੀਤਾ ਗਇਆ ਹੈ ਜਿਵੇਂ ਕਿ ਮਸ਼੍ਹੂਰੀ ਕਰਨਾ ਅਤੇ ਨਿਜੀ ਹੱਕ

**ਹਿਦਾਇਤ** ਵੰਡਨ ਜਾਂ ਦੁਬਾਰਾ ਇਸ੍ਤੁਮਾਲ(ਇਸ ਕਾਰਜ ਨੂੰ ਕੁਝ ਹੋਰ ਬਣਾਉਨ ਵਾਸ੍ਤੇ)। ਤੁਹਾਨੂੰ ਇਸ ਕਾਰਜ ਦੀਆਂ ਸ਼ਰਤਾਂ ਇਸ ਆਗ੍ਿਆ ਪੜ੍ਹਰ ਹੇਠ ਦੂਜਿਆਂ ਨੂੰ ਸਾਫ ਕਰਨੀਆਂ ਚਾਹਿਦੀਆਂ ਨੇ ॥

**ਇਹ ਤਰਜਮਾ ਤੁਹਾਡੀ ਸਹੂਲਿਅਤ ਵਾਸ੍ਤੇ ਮੁਹੱਇਆ ਕਰਾਇਆ ਗਇਆ ਹੈ ਅਤੇ ਕਿਸੇ ਭੀ ਸ਼ੱਕ ਜਾਂ ਸ਼ੁਭਾ ਦੀ ਹਾਲਤ'ਚ English Version ਹੀ ਲਾਗੂ ਹੋਵੇਗਾ ॥**

੨੦੨੧ ਤਨਵੀਰ ਸਿੰਘ। ਅਕੱਥ ਕਥਾ ਪਬਲੀਕੇਸ਼੍ਹਸ। ਓਂਟੈਰੀਓ। ਕੈਨਡਾ ॥ ਕੁਝ ਹੱਕ ਰਾਖਵੇਂ ॥

# ਤਤਕਰਾ

ਦੋ ਸ਼ਬਦ.......... viii
ਸਿੱਕੇ ਕੀ ਹੁੰਦੇ ਨੇ.......... ੧
ਸਿੱਕਾ ਵਿਗਿਆਨ.......... ੪
ਸਿੱਕਿਆਂ ਦੀ ਕਾਲਖ ਜਾਂ ਪੈਟਾਈਨਾ (Patina).......... ੬
ਸਿੱਕੇ ਘੜ੍ਹੇ ਕਿਵੇਂ ਜਾਂਦੇ ਸੀ?.......... ੭
ਬੰਧਲ.......... ੮
ਮਜੂਲ ਜਾਂ Mule.......... ੮
ਲੱਖੀ.......... ੯
ਸਿੱਕੇ ਅਤੇ ਤਵਾਰੀਖ.......... ੧੧
ਪ੍ਰਭੁਤਾ ਕੀ ਹੈ ਅਤੇ ਸਿੱਕਿਆਂ ਨਾਲ ਇ੍ਹਧਾ ਰਿਸ਼ਤਾ.......... ੧੫
ਸਿੱਖਾਂ ਦੇ ਸਿੱਕਿਆਂ ਦੀਆਂ ਇਬਾਰਤਾਂ.......... ੨੨
ਗੋਬਿੰਦਸ਼ਾਹੀ ਇਬਾਰਤ ਲਾਹੌਰੀ(GSL.LHR).......... ੨੪
ਗੋਬਿੰਦਸ਼ਾਹੀ ਇਬਾਰਤ ਕਸ਼ਮੀਰੀ(GSL.KMR).......... ੨੯
ਗੋਬਿੰਦਸ਼ਾਹੀ ਇਬਾਰਤ ਪਿਸ਼ਾਵਰੀ(GSL.PSR).......... ੩੪
ਗੋਬਿੰਦਸ਼ਾਹੀ ਇਬਾਰਤ ਆਮ(GSL.GEN).......... ੩੮
ਪਹਿਲੇ ਗੋਬਿੰਦਸ਼ਾਹੀ ਅਮ੍ਰਿਤਸਰ.......... ੪੦
ਅਨੰਦਘਰ.......... ੪੩
ਬਾਅਦ ਵਾਲੇ ਗੋਬਿਦਸ਼ਾਹੀ ਅਮ੍ਰਿਤਸਰ.......... ੪੭
ਲਾਹੌਰ.......... ੫੦
ਮਨਕੇਰਾ.......... ੫੨
ਮੁਲਤਾਨ.......... ੫੪
ਨੱਭਾ.......... ੫੬
ਨਜੀਬਾਬਾਦ.......... ੫੯

ਨਾਨਕਸ਼ਾਹੀ ਇਬਾਰਤ ਅੰਬਰਤਸਰ੍ਹੀ (NSL.ABSR) ੬੪
ਨਾਨਕਸ਼ਾਹੀ ਇਬਾਰਤ ਆਮ (NSL.GEN) ੬੯
ਪਿੰਡ ਦਾਦਨ ਖਾਂ ਜਾਂ ਨਮਕ ੭੩
ਨਾਨਕਸ਼ਾਹੀ ਇਬਾਰਤ ਲਾਹੌਰੀ ਮੁਲਤਾਨੀ (NSL.LM) ੭੫
ਮੁਲਤਾਨ ੮੦
ਗੁਰਮੁਖੀ ਇਬਾਰਤਾਂ ੮੨
ਗੁਰਮੁਖੀ ਇਬਾਰਤ ਆਮ (GML.GEN) ੮੨
ਗੁਰਮੁਖੀ ਇਬਾਰਤ ਬਾਬਾ ਨਾਨਕ (GML.Baba Nanak) ੮੪
ਸਿਖ ਰਾਜ ਦੇ ਸਿੱਕੇ ਜਾਰੀ ਕਰਨ ਵਾਲੇ ਸਰਦਾਰ ੮੭
ਸਿਖ ਮਿਸਲਦਾਰ ੮੭
ਮਹਾਰਰਾਜਾ ਰਣਜੀਤ ਸਿੰਘ ੮੮
ਮਹਾਰਰਾਜਾ ਖੜਗ ਸਿੰਘ ੯੧
ਮਹਾਰਾਜਾ ਸ਼ੇਰ ਸਿੰਘ ੯੪
ਮਹਾਰਰਾਜਾ ਦਲੀਪ ਸਿੰਘ ੯੯
ਦੀਵਾਨ ਮੂਲਰਾਜ ੧੦੮
ਸਿੱਕੇ ਕੱਠੇ ਕਿਵੇਂ ਕਰੀਏ ੧੨੨
ਨਕਲੀ ਸਿੱਕੇ ੧੨੩
ਟੋਕਨ ੧੩੦

# ਦੋ ਸ਼ਬਦ

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ ॥ ਪੰਜਾਬ ਇਕ ਅਜ਼ਾਦ ਮੁਲ੍ਕ ਰਿਹਾ ਹੈ ॥ ਕਿਹਾ ਜਾਂਦਾ ਸੀ ਕਿ ਜਿੱਥੇ ਸਰਹੰਦ ਸ਼ਹਿਰ ਹੈ ਓੱਥੇ ਪੰਜਾਬ ਖਤਮ ਹੁੰਦਾ ਹੈ ਅਤੇ ਹਿੰਦੁਸ੍ਤਾਨ ਸ਼ੁਰੂ ਹੁੰਦਾ ਹੈ ॥ ਸਰਹੰਦ ਦਾ ਮਤਲਬ ਹੈ ਹਿੰਦ ਦਾ ਸਿਰ ॥ ਸਿੰਧ ਅਤੇ ਸਤਲੁਜ ਦਰਿਆਵਾਂ ਦੇ ਦਰਮਿਆਨ ਜੋ ਬਾਕੀ ਦਰਿਆਵਾਂ ਦੇ ਦੋਆਬ ਨੇ । ਓਨ੍ਹਾਂ ਨੂੰ ਸਾਂਝੇ ਤੌਰ ਤੇ ਪੰਜਾਬ ਕਹਿਆ ਜਾਂਦਾ ਹੈ ॥ ਇਹ ਇਲਾਕਾ ਬਹੁਤਾ ਮੁਸਲਮਾਨ ਕਬੀਲਿਆਂ ਅਤੇ ਜਮਾਤਾਂ ਦੇ ਕਬਜੇ ਹੇਠ ਰਹਿਆ ਹੈ ॥ ਸਿੰਧ ਦੇ ਪੱਛਮ ਦਾ ਇਲਾਕਾ । ਜਿਵੇਂ ਪੇਸ਼ਾਵਰ । ਇਤਹਾਸਿਕ ਤੌਰ ਤੇ ਅਫਗਾਨਿਸਤਾਨ ਦਾ ਹਿੱਸਾ ਰਹਿਆ ਹੈ ॥ ਮੁੰਗਲਾਂ ਹੇਠ ਕਾਬਲ ਹਿੰਦੁਸਤਾਨ ਦਾ ਹਿੱਸਾ ਬਣਿਆ ਪਰ ਨਾਦਿਰ ਸ਼ਾਹ ਜਦੋਂ ਇਰਾਨ ਦਾ ਬਾਦਸ਼ਾਹ ਬਣਿਆ ਤਾਂ ਅਫਗਾਨਿਸਤਾਨ ਈਰਾਨ ਦਾ ਹਿੱਸਾ ਬਣ ਗਇਆ ॥ ਅਹਿਮਦ ਸ਼ਾਹ ਅਬਦਾਲੀ ਹੇਠ ਅਫਗਾਨਿਸਤਾਨ ਇਕ ਅਜ਼ਾਦ ਮੁਲਕ ਬਣਿਆ ॥ ਬਾਅਦ'ਚ ਕਸ਼ਮੀਰ ਭੀ ਅਫਗਾਨੀਆਂ ਹੇਠ ਆ ਗਇਆ ॥ ਮਹਾਰਾਜਾ ਰਣਜੀਤ ਸਿੰਘ ਦੇ ਸਦਕੇ ਇਹ ਦੋਵੇਂ ਸੂਬੇ ਅਜ਼ਾਦ ਪੰਜਾਬ ਦਾ ਹਿੱਸਾ ਇਕ ਸਿਖ ਸਲਤਨਤ ਹੇਠ ਬਣੇ ॥

ਇਸ ਸਲਤਨਤ'ਤੇ ਸਿੱਖਾਂ ਨੇ ਰਾਜ ਕੀਤ੍ਰਾ ਅਤੇ ਆਪਣਾ ਸਿੱਕਾ ਚਲਾਇਆ ॥ ਇਹ ਕਿਤਾਬ ਇਨ੍ਹਾਂ ਸਿੱਕਿਆਂ'ਤੇ ਕੁਝ ਰੋਸ਼ਨੀ ਪਾਉਣ ਦੀ ਕੋਸ਼ਿਸ਼ ਹੈ ॥ ਇਸ ਤੋਂ ਪਹਿਲਾਂ ਭੀ ਕਈ ਕਿਤਾਬਾਂ ਸਿਖ ਸ਼ਿੱਕਿਆਂ ਤੇ ਲਿਖੀਆਂ ਜਾ ਚੁੱਕਿਆਂ ਨੇ ਪਰ ਓਹ ਅੰਗ੍ਰਿਜ਼ੀ'ਚ ਨੇ ਅਤੇ ਕਈ ਸੱਜਣਾਂ ਦੀ ਫਰਮਾਇਸ਼ ਸੀ ਕਿ ਇਕ ਕਿਤਾਬ ਸਰਲ ਸੌਖੀ ਬੋੱਲੀ'ਚ ਹੋਣੀ ਚਾਹਿਦੀ ਹੈ ਜੋ ਇਨ੍ਹਾਂ ਸਿੱਕਿਆਂ'ਤੇ ਰੋਸ਼ਨੀ ਪਾਵੇ ਕਿ ਆਖਿਰ ਇਨ੍ਹਾਂ ਤੇ ਘੜ੍ਹਿਆ ਕੀ ਹੋਇਆ ਹੈ ॥

ਇਹ ਕਿਤਾਬ ਇਕ ਕੈਟਾਲੋਗ ਨਹੀਂ ਹੈ ॥ ਸੋ ਇਧ੍ਹੇ'ਚ ਹਰ ਸਿੱਕੇ ਦੀ ਕਿਸਮ ਜੋ ਸਿੱਖਾਂ ਨੇ ਘੜ੍ਹਿਆ । ਨਹੀਂ ਹੈ ॥ ਪਰ ਜੋ ਕੁਝ ਭੀ ਹੈ । ਉਸਦਾ ਇਸ੍ਤਮਾਲ ਕਰਕੇ ਹਰ ਸਿੱਖ ਸਿੱਕਾ ਪੜ੍ਹਿਆ ਜਾ ਸਕਦਾ ਹੈ ॥ ਇਹ ਕਿਤਾਬ ਡਾ: ਸੁਰਿੰਦਰ ਸਿੰਘ ਜੀ ਦੀ ਕਿਤਾਬ ਵਾਂਙ ਤਵਾਰੀਖੀ ਖੋਜ ਪੜਤਾਲ ਭੀ ਬਹੁਤਾ ਨਹੀਂ ਕਰਦੀ ॥ ਸੋ ਇਹ ਕਿਤਾਬ ਓਨ੍ਹਾਂ ਦੀ ਕਿਤਾਬ ਜਾਂ ਦੂਜੇ ਕੈਟਾਲੋਗਾਂ ਦੀ ਬਦਲ ਨਹੀ ਹੈ ॥ ਇਹ ਕਿਤਾਬ ਉਨ੍ਹਾਂ ਕਿਤਾਬਾਂ ਦੀ ਪੂਰਕ ਜਰੂਰ ਹੈ ॥ ਕੁਝ ਐਸੀਆਂ ਗੱਲਾਂ ਜੋ ਗਲਤ ਹੀ ਚਲਦੀਆ ਆ ਰਹੀਆਂ ਨੇ ਜਿਵੇਂ ਲਾਹੌਰ ਅਤੇ ਮੁਲਤਾਨ ਦੇ ਨਾਨਕਸ਼ਾਹੀ ਸਿੱਕਿਆਂ'ਤੇ ਇਬਾਰਤ ਦਾ ਪੜ੍ਹਨਾ । ਉਸ ਤੇ ਸਿੱਕਿਆਂ ਰਾਹੀ ਰੋਸ਼ਨੀ ਪਾਉਣ ਦੀ ਕੋਸ਼ਿਸ਼ ਕੀਤ੍ਰੀ ਹੈ ॥

ਗੁਰਮੁਖੀ ਲਿਪੀ ਲਿਖਣ ਦੀ ਕਲਾ'ਚ ਕਾਫੀ ਤਬਦੀਲੀਆਂ ਆਈਆਂ ਨੇ ॥ ਪੁਰਾਤਨ ਤਰੀਕੇ'ਚ ਅੱਧਕ ਇਸ੍ਤਮਾਲ ਨਹੀਂ ਹੁੰਦਾ ਸੀ ਅਤੇ ਅੱਧੇ ਅੱਖਰਾਂ ਦੀ ਵਰਤੋਂ ਹੁੰਦੀ ਸੀ ॥ ਸੋ ਸਾੱਡੀ ਕੋਸ਼ਿਸ਼ ਹੁੰਦੀ ਹੈ ਕਿ ਜਿੱਥੋਂ ਤਾਂਈਂ ਹੋ ਸਕੇ ਅਸੀ ਅੱਧਕ ਦੀ ਵਰਤੋਂ ਘਟ੍ਟੋ ਘਟ੍ਟ ਕਰੀਏ ॥ ਇਸ ਗੁਰਮੁਖੀ ਲਿਪੀ ਲਿਖਣ ਦੀ ਪੁਰਾਤਨ ਸ਼ੈਲੀ ਨੂੰ ਮੁੜ ਸੁਰਜੀਤ ਕਰਨ ਦੀ ਬਹੁਤ ਲੋੜ ਹੈ ਅਤੇ ਸਾੱਡਾ ਇਹ ਇਸ ਦਿਸ਼ਾ'ਚ ਇਕ ਨਿੱਕਾ ਜਿਹਾ ਕਦਮ ਹੈ ॥

ਉੱਮੀਦ ਕਰਦਾਂ ਹਾਂ ਕਿ ਆਪ ਸੱਭ ਨੂੰ ਇਹ ਕਿਤਾਬ ਸਿੱਖ ਸਿੱਕਿਆਂ ਦੀਆਂ ਇਬਾਰਤਾਂ ਪੜ੍ਹਨ'ਚ ਅਤੇ ਸਿੱਖ ਸਿੱਕਿਆਂ ਬਾਰੇ ਜਾਨਣ'ਚ ਸਹਾਈ ਹੋਵੇਗੀ ॥

ਗੁਰ ਫਤਿਹ
ਤਨਵੀਰ ਸਿੰਘ
ਟੋਰੰਟੋ । ਓਂਟੈਰੀਓ
ਕੈਨਡਾ
੧੫ ਜਨਵਰੀ ੨੦੨੧

ਸਿੱਕੇ ਚਲੱਣ ਓਨ੍ਹਾਂ ਦੇ ਜਿਨ੍ਹਾਂ ਕੋਲ ਰਾਜ ਮੀਆਂ ।

ਸਿੱਕਿਆਂ'ਤੇ ਜਿਨ੍ਹਾਂ ਦੇ ਨਾਓਂ ਗੁਰੂਆਂ ਦਾ ਮੀਆਂ ।

ਤਨਵੀਰ ਦੱਸੇ ਮੁਲਕ ਸੀ ਓਹ ਅਜ਼ਾਦ ਪੰਜਾਬ ਮੀਆਂ ।

ਕੌਮ ਜਿਨ੍ਹਾਂ ਦੇ ਚੱਲੇ ਸੀ ਇਹ ਸਿੱਕੇ ।

ਹੈ । ਖਾਲਸਾ ਮੀਆਂ ॥

ਇਹ ਸਫਾ ਜਾਣ ਬੁਝ ਕੇ ਖਾੱਲੀ ਛੱਡਿਆ ਗਇਆ ਹੈ ॥

# ਸਿੱਕੇ ਕੀ ਹੁੰਦੇ ਨੇ

ਸਿੱਕੇ ਧਾਤ ਦੇ ਗੋਲ ਜਾਂ ਚਕੌਰ ਸ਼ਕਲ ਦੇ ਟੋਟ੍ਹੇ ਹੁੰਦੇ ਨੇ ਅਤੇ ਇਨ੍ਹਾਂ ਦਾ ਇਸ੍ਤੇਮਾਲ ਵਣਜ ਵਾਸ੍ਤੇ ਕਿਸੇ ਚੀਜ਼ ਦੀ ਕੀਮਤ ਅਦਾ ਕਰਨ ਵਾਸ੍ਤੇ ਕੀਤ੍ਹਾ ਜਾਂਦਾ ਹੈ ॥ ਇਹ ਜਿਆਦਾਤਰ ਇਕ ਸਰਕਾਰ ਜਾਰੀ ਕਰਦੀ ਹੈ । ਅਤੇ ਇਹ ਉਸ ਸਰਕਾਰ ਦੀ ਪ੍ਰਭੁਤਾ ਦੀ ਨਿਸ਼ਾਨੀ ਹੁੰਦੇ ਨੇ ॥ ਸੱਭਤੋਂ ਪਹਿਲਾਂ । ਈਸਾ ਤੋਂ ਪਹਿਲਾਂ ਦੀ ਛੇਵੀਂ ਸਦੀ ਜਾਂ ਜਿਸਨੂੰ ਆਮ ਬੋੱਲੀ'ਚ ੬੦੦ ਬੀ ਸੀ ਕਹਿੰਦੇ ਨੇ । ਪੱਛਮੀ ਅੰਤੋਲੀਆ ਦੇ ਯੂਨਾਨੀ ਮੁਲਕਾਂ ਨੇ ਸਿੱਕੇ ਜਾਰੀ ਕੀਤ੍ਹੇ ਸੀ ॥ ਇਨ੍ਹਾਂ'ਚ ਲਿਡੀਆ ਦਾ ਨਾਉਂ ਸਭਤੋਂ ਪਹਿਲਾਂ ਆਉਂਦਾ ਹੈ । ਅਤੇ ਇਹ ਕਹਿਆ ਜਾਂਦਾ ਹੈ ਕਿ ਸਿੱਕੇ ਦੀ ਇਜਾਦ ਲਿਡੀਆ'ਚ ਹੋਈ ॥




ਲਿਡੀਆ ਦਾ ਨਕਸ਼ਾ

ਪੁਰਾਣੇ ਸਿੱਕੇ ਚਾਂਦੀ । ਸੋਨੇ । ਤਾਂਬੇ । ਕੈਂਹ ਜਾਂ ਕਾਂਸੀ । ਪਿਤ੍ਹਲ । ਸੀਸੇ ਜਾਂ ਇਲੈਕਟ੍ਰਮ ਦੇ ਬਣੇ ਹੁਦੇ ਸੀ ॥ ਇਲੈਕਟ੍ਰਮ ਇਕ ਸੋਨੇ ਅਤੇ ਚਾਂਦੀ ਦੀ ਕੁਦਰਤੀ ਤੌਰ ਤੇ ਰਲਾਵਟ ਵਾਲਾ ਧਾਤ ਹੁੰਦਾ ਹੈ ॥ ਹੇਠਾਂ ਇਕ ਪੂਰਬੀ ਰੋਮਨ ਸਲਤਨਤ ਦਾ ਨਾਈਸਫੋਰਸ ਦਾ ਜਾਰੀ ਕੀਤ੍ਹਾ ਹੋਇਆ ਸਿੱਕਾ ਤਸਵੀਰ'ਚ ਵੇੱਖਿਆ ਜਾ ਸਕਦਾ ਹੈ ॥



Image courtesy of Steve Album Rare Coins. ਤਸਵੀਰ ਸਟੀਵ ਐਲਬਮ ਰੇਅਰ ਕੋਇਨਜ਼ ਸਦਕਾ

ਅੱਜ ਦੇ ਹਿੰਦੁਸਤਾਨ ਉਪ ਮਹਾਦੀਪ'ਚ ਸਿੱਕੇ ਸੱਭ ਤੋਂ ਪਹਿਲਾਂ ਅੱਜ ਦੇ ਪੂਰਬੀ ਉੱਤਰ ਪਰਦੇਸ਼ ਬਿਹਾਰ ਨੇਪਾਲ'ਚ ਈਸਾ ਤੋਂ ਪਹਿਲਾਂ ਦੀ ਸਤ੍ਵੀਂ ਸਦੀ'ਚ ਜਾਰੀ ਹੋਏ ਸੀ ॥ ਕੋਸਲ ਦੇਸ਼ ਦੇ ਕਰਸ਼ਾਪਣ(ਜੋ ਸੰਸਕ੍ਰਿਤ ਦਾ ਸ਼ਬਦ ਹੈ ਅਤੇ ਇਸਦਾ ਮਤਲਬ ਹੁੰਦਾ ਹੈ ਸਿੱਕਾ) । ਸਭਤੋਂ ਪਹਿਲਿਆਂ ਸਿੱਕਿਆਂ'ਚੋਂ ਇਕ ਨੇ । ਅਤੇ ਯੂਨਾਨੀ ਸਿੱਕਿਆਂ ਦੇ ਸਮਕਾਲੀ ਨੇ । ਹੇਠਾਂ ਤਸਵੀਰ'ਚ ॥



Image courtesy of Steve Album Rare Coins.
ਤਸਵੀਰ ਸਟੀਵ ਐਲਬਮ ਰੇਅਰ ਕੋਇਨਜ਼ ਸਦਕਾ

ਪਹਿਲੇ ਸਿੱਕੇ ਜਿਨ੍ਹਾ ਨੂੰ ਇਤਹਾਸਕਾਰ ਮਹਾ ਜਨਪਦ(Commonwealth) ਮੁਲਕ ਆਖਦੇ ਨੇ। ਹੋਰਾਂ ਨੇ ਜਾਰੀ ਕੀਤ੍ਰੇ ਸੀ ॥ ਇਹ ਚਾਂਦੀ ਦੇ ਚਕੋਰ ਟੁਕੜਿਆਂ ਤੇ ਠੱਪੇ ਮਾਰ ਕੇ ਘੜ੍ਹੇ ਜਾਂਦੇ ਸੀ ॥ ਪੰਜਾਬ ਦੇ ਪਹਿਲੇ ਸਿੱਕੇ(ਅੱਜ ਦੇ ਪਾਕਿਸਤਾਨੀ ਪੰਜਾਬ ਦੇ ਖੈਬਰ ਪਖਤੂਨਵਾ ਸੂਬੇ'ਚ) ਗੰਧਾਰ ਜਨਪਦ ਦੇ ਈਸਾ ਤੋਂ ੬੦੦ ਵਰ੍ਹੇ ਪਹਿਲਾਂ ਦੇ ਲੱਭਦੇ ਨੇ ॥ ਇਨ੍ਹਾਂ ਨੂੰ ਸ਼ਾਤਮਨ ਆਖਦੇ ਨੇ ਅਤੇ ਇਹ ਮੋੜੀਆਂ ਹੋਈਆਂ ਚਾਂਦੀ ਦੀਆਂ ਸੀਖਾਂ ਤੇ ਠੱਪੇ ਮਾਰ ਕੇ ਘੜ੍ਹੇ ਜਾਂਦੇ ਸੀ ॥ ਹੇਠਾਂ ਇਨ੍ਹਾਂ ਸਿੱਕਿਆਂ ਦੇ ਇਕ ਨਮੂਨੇ ਦੀ ਤਸਵੀਰ ॥



Image courtesy of Pradeep Emmanuel, World Ancient Coins.
ਤਸਵੀਰ ਪ੍ਦੀਪ ਇਮੈਨੁਅਲ ਵਰਲ੍ਡ ਏ੍ਨਸ਼ਿਅੰਟ ਕੋਇਨਜ਼ ਸਦਕਾ

ਪਰ ਹਿੰਦੁਸਤਾਨ ਦੀ ਹੀ ਨਹੀਂ। ਬਾਕੀ ਕਈ ਪੁਰਾਨੀ ਸਭਿਅਤਾਂਵਾਂ ਦੀ ਜਿਵੇਂ ਚੀਨੀ ਅਫ਼੍ਰੀਕੀ ਉਤ੍ਰੀ ਅਮਰੀਕੀ ਵਗੈਰ੍ਹਾ ਦੀ ਪਹਿਲੀ ਕਰੰਸੀ ਕੌਂਡੀਆਂ ਸੀ ॥



ਟਿੱਪਣੀਆਂ :

੧. Coin collecting in Northern Inda, C. J. Rodgers, pp 8 -9

# ਸਿੱਕਾ ਵਿਗਿਆਨ

ਸਿੱਕਾ ਵਿਗਿਆਨ ਕੀ ਹੈ ? ਇਹ ਸਿੱਕਿਆਂ ਅਤੇ ਤਮਗਿਆਂ ਨੂੰ ਸ਼ੌਂਕ ਵੱਜੋ ਕੱਠੇ ਕਰ ਇਨ੍ਹਾਂ ਬਾਰੇ ਅਤੇ ਜਿਨ੍ਹਾਂ ਨੇ ਜਾਰੀ ਕੀਤ੍ਰੇ ਓਨ੍ਹਾਂ ਬਾਰੇ ਜਾਨਣ ਦੀ ਕਲਾ ਨੂੰ ਕਹਿੰਦੇ ਨੇ ॥ ਇਸਨੂੰ ਅੰਗਰੇਜੀ'ਚ ਨਜ਼ੂਮਿਸਮੈਟਿਕ੍ਸ (Numismatics) ਕਹਿੰਦੇ ਨੇ ॥

ਹਰ ਸਿੱਕੇ ਦੇ ਦੋ ਪੱਸੇ ਹੁੰਦੇ ਨੇ ਇਕ ਪੱਸੇ ਤੇ ਆਮ ਤੌਰ ਤੇ ਜਾਰੀ ਕਰਨ ਵਾਲੇ ਬਾਦਸ਼ਾਹ ਦੀ ਤਸਵੀਰ ਹੁੰਦੀ ਹੈ ॥ ਇਸ ਨੂੰ ਅੰਗ੍ਰੇਜ਼ੀ'ਚ ਅਸੀਂ ਔਬਵਰ੍ਸ(Obverse) ਜਾਂ ਹੈਡ੍ਸ(Heads) ਕਹਿੰਦੇ ਨੇ ॥ ਦੂਜੇ ਪਾਸੇ ਆਮ ਤੌਰ ਤੇ ਟਕਸਾਲ ਜਾਂ ਅੰਗ੍ਰੇਜੀ'ਚ ਮਿੰਟ(Mint) ਦਾ ਨਾਂਓਂ ਜਾਂ ਜਾਰੀ ਕਰਨ ਦੀ ਤਾਰੀਖ ਜਾਂ ਦੂਜੇ ਨਿਸ਼ਾਨ ਹੁਦੇ ਨੇ ॥ ਇਸ ਪੱਸੇ ਨੂੰ ਅੰਗ੍ਰੇਜੀ'ਚ ਰਿਵਰ੍ਸ(Reverse) ਜਾਂ ਟੇਲ੍ਸ(Tails) ਕਹਿੰਦੇ ਨੇ ॥




ਇਹ ਕੈਨਡਾ ਦਾ ਸਿੱਕਾ ਹੈ ਙ੍ਹਿਧੇ ਸਿੱਧੇ ਪੱਸੇ ਮਹਾਰਾਨੀ ਐਲੀਜ਼ਾਬੈਥ ਦੂੱਜੀ ਦੀ ਤਸਵੀਰ ਹੈ ॥ ELIZABETH II D.G. REGINA ਇਬਾਰਤ ਹੈ ਜਾਂ ਇਸਨੂੰ ਅੰਗਰੇਜੀ'ਚ ਲਿਜੈਂਡ(Legend) ਕਹਿੰਦੇ ਨੇ ॥ ਵੈਸੇ ਇਸਦਾ ਮਤਲਬ ਲੋਕ ਕਥਾ ਜਾਂ ਪੁਰਾਣਕ ਕਥਾ ਭੀ ਹੁੰਦਾ ਹੈ। ਅਤੇ ਸਿੱਕੇ ਇਹੀ ਬਿਆਨ ਕਰਦੇ ਨੇ ॥ ਸਿੱਕੇ ਦੇ ਪੁੱਠੇ ਪੱਸੇ ਮੁਲਕ ਦਾ ਨਾਉਂ CANADA ਅਤੇ ਘੜ੍ਹਨ ਦਾ ਵਰ੍ਹਾ 2014 ਅਤੇ ਕੀਮਤ 200 DOLLARS ਘੜ੍ਹੀ ਹੋਈ ਹੈ ॥

ਅਗ੍ਹੇ ਜਾ ਕੇ ਅਸੀਂ ਵੇਖਾਂਗੇ ਕਿ ਸਿੱਕਿਆਂ ਤੋਂ ਤਾਰੀਖ ਦਾ ਠੀਕ ਸੰਮਾਂ ਭੀ ਬਹੁਤ ਵਾਰ ਪਤਾ ਚੱਲ ਜਾਂਦਾ ਹੈ ॥ ਸਿੱਕੇ ਤਾਰੀਖ

ਜਾਂ ਇਤਹਾਸ ਦੀ ਨਿਸ਼ਾਨੀ ਹੁੰਦੇ ਨੇ ॥ ਸਿੱਕਿਆਂ ਤੋਂ ਕਈ ਗੱਲਾਂ ਦਾ ਪਤਾ ਲਗਦਾ ਹੈ ਜਿਵੇਂ ਉਸ ਵਕਤ ਦੀ ਲਿਪੀ ਜਾਂ ਬੋੱਲੀ। ਸੱਭਿਆਚਾਰ ਵਗੈਰ੍ਹਾ ॥ ਸਾੱਨੂੰ ਸਿਖ ਸਿੱਕਿਆਂ ਤੋ ਹੀ ਪਤਾ ਚਹਲਦਾ ਹੈ ਕਿ ਵਣਜ ਦੀ ਬੋੱਲੀ ਉਸ ਵਕਤ ਫਾਰਸੀ ਹੁੰਦੀ ਸੀ ਅਤੇ ਗੁਰਮੁਖੀ ਲਿਪੀ'ਚ ਹਜੇ ਅੱਧਕ ਅਤੇ ਨੁਕਤੇ ਵਾਲੇ ਅੱਖਰਾਂ ਦੀ ਵਰਤੋਂ ਸ਼ੁਰੂ ਨਹੀਂ ਹੋਈ ਸੀ ॥ ਗਰੀਬ ਤਬਕਾ ਜਿਆਦਾ ਪੈਸਿਆਂ ਦੀ ਵਰਤੋ ਕਰਦਾ ਸੀ ॥ ਸਿੱਖ ਸਿੱਕਿਆਂ'ਤੇ ਬਹੁਤੀ ਗੁਰਮੁਖੀ ਇਬਾਰਤ ਹੀ ਲੱਭਦੀ ਹੈ ॥



ਇਸ ਸਿੱਕੇ'ਚ “ਅਕਾਲ ਸਹਾਇ ਗੁਰੂ ਨਾਨਕ ਜੀ” ਵਾਲੇ ਪਾਸੇ ਨੂੰ ਔਬਵਰ੍ਸ ਜਾਂ ਸਿੱਧਾ ਪੱਸਾ ਕਹਿੰਦੇ ਨੇ ਅਤੇ "ਜ਼ਰਬ ਸ੍ਰੀ ਅੰਬਰਤਸਰ ੧੮੮੫" ਵਾਲੇ ਪੱਸੇ ਨੂੰ ਰਿਵਰ੍ਸ ਜਾਂ ਪੁੱਠਾ ਪਾਸਾ ਜਾਂ ਪਤ੍ਰੇ ਵਾਲਾ ਪੱਸਾ ਕਹਿੰਦੇ ਨੇ ॥

ਸਿੱਖ ਸਿੱਕਿਆਂ'ਤੇ ਤਾਰੀਖ ਬਹੁਤੀ ਵਿਕ੍ਰਮ ਸੰਮਤ'ਚ ਲਿਖੀ ਹੋਈ ਮਿਲਦੀ ਹੈ ॥ ਵਿਕ੍ਰਮ ਸੰਮਤ ਜਾ ਸੰਬਤ ਵਿਕ੍ਰਮੀ ਸਾਲ ਹੁੰਦਾ ਹੈ ਜੋ ਹਿੰਦੂ ਸਮਾਂ ਜਾ ਦਿਨ ਦਿਹਾੜੇ ਮਨਾਓਣ ਵਾਸ੍ਤੇ ਇਸ੍ਤੁਮਾਲ ਕਰਦੇ ਨੇ ॥ ਇਹ ਸਾਲ ਵਿਕ੍ਰਮਜੀਤ ਜੋ ਪੁਰਾਣੇ ਹਿੰਦੁਸ੍ਤਾਨ ਦਾ ਇਕ ਰਾਜਾ ਹੋਇਆ ਹੈ। ਦੇ ਨਾਉਂ ਤੇ ਪਇਆ ਹੈ ਅਤੇ ਇਸਦਾ ਪੁਰਾਣਾ ਨਾਂਉਂ ਮਾਲਵਾ ਸੰਮਤ ਸੀ ਭਾਵੇਂ ਇਹ ਕਹਿਆ ਜਾਂਦਾ ਹੈ ਕਿ ਇਹ ਛੇਵੀਂ ਸਦੀ ਤੋਂ ਪਹਿਲਾਂ ਇਸ੍ਤੁਮਾਲ'ਚ ਨਹੀਂ ਆਇਆ ਪਰ ਇਹ ਕਹਿਣਾ ਗਲਤ ਹੈ[1] ॥ ਇਹ ਆਮ ਈਸਵੀ ਤੋਂ ੫੭ ਸਾਲ ਗਾਹਾਂ ਚਲਦਾ ਹੈ ॥ ਸੋ ਕਿਸੇ ਭੀ ਈਸਵੀ ਸਾਲ'ਚ ੫੭ ਜਮਾਂ ਕਰਣ ਨਾਲ ਵਿਕ੍ਰਮ ਸੰਮਤ ਸਾਲ ਮਿਲ ਜਾਂਦਾ ਹੈ ॥

ਸਿਖ ਰਾਜ ਦੇ ਸਿੱਕਿਆਂ'ਤੇ ਬਹੁਤਾ ਵਿਕ੍ਰਮ ਸੰਮਤ ਸਾਲ ਦਾ ਹੀ ਇਸ੍ਤੁਮਾਲ ਹੁੰਦਾ ਸੀ ॥ ਕਈ ਸਿਖ ਸਿੱਕਿਆਂ'ਤੇ ਤਾਰੀਖਾਂ ਇਸਲਾਮੀ ਹਿਜਰੀ ਸਾਲ'ਚ ਭੀ ਹੁੰਦੀਆਂ ਨੇ[2] ਅਤੇ ਕੁਝ'ਚ ਨਾਨਕਸ਼ਾਹੀ[3] ਸਾਲ ਲਿਖੇ ਹੋਏ ਭੀ ਲੱਭਦੇ ਨੇ ॥

ਇਹ ਜੋ ਗੋਲ ਜਾਂ ਤਾਂਬੇ ਦਾ ਟੋਟ੍ਰਾ ਜੋ ਇਕ ਸਿੱਕੇ ਦੀ ਸ਼ਕਲ'ਚ ਹੁੰਦਾ ਹੈ। ਇਸ ਤਾਂਬੇ ਦੇ ਟੋਟ੍ਰੇ ਨੂੰ ਅੰਗਰੇਜ਼ੀ'ਚ ਫ਼ਲੈਨ (Flan) ਕਹਿੰਦੇ ਨੇ ॥ ਬਹੁਤ ਵਾਰ ਤੁਹਾਨੂੰ ਇਹ ਸੁਨਣ ਨੂੰ ਮਿਲੇਗਾ ਕਿ "ਡੇਟ ਇਜ਼ ਔਫ ਦ ਫਲੈਨ ਜਾਂ ਲੀਜੈਂਡ ਪਾਰ੍ਟ ਇਜ਼ ਔਫ ਦ ਫਲੈਨ ॥” (Date is off the flan or part of the legend is off the flan.)

ਇਸਦਾ ਮਤਲਬ ਹੈ ਕਿ ਤਾਰੀਖ ਜਾਂ ਇਬਾਰਤ ਦਾ ਇਕ ਹਿੱਸਾ ਸਿੱਕੇ ਤੇ ਨਹੀਂ ਘੜ ਹੋਇਆ ॥ ਝ੍ਹਿਧੀ ਵਜ੍ਹਾ ਹੁੰਦੀ ਹੈ ਡਾਈ ਜਾਂ ਠੱਪੇ ਦਾ ਸਿੱਕੇ ਦੇ ਨਾਪ ਨਾਲੋਂ ਵੱਡਾ ਹੋਣਾ ॥

## ਸਿੱਕਿਆਂ ਦੀ ਕਾਲਖ ਜਾਂ ਪੈਟਾਈਨਾ (Patina)

ਤਾਂਬੇ ਦੇ ਸਿੱਕਿਆਂ'ਤੇ ਆਮ ਤੌਰ ਤੇ ਹਰੀ ਜਾਂ ਕਾਲੀ ਪਰਤ ਵੇਖਣ ਨੂੰ ਮਿਲਦੀ ਹੈ ਇਸਨੂੰ ਅੰਗਰੇਜੀ'ਚ ਪੈਟਾਈਨਾ ਜਾਂ ਪਟੀਨਾ (Patina) ਕਹਿੰਦੇ ਨੇ ॥ ਇਹ ਚਾਂਦੀ ਦੇ ਸਿੱਕਿਆਂ'ਤੇ ਭੀ ਕਾਲਖ ਦੀ ਸ਼ਕਲ'ਚ ਹੁੰਦੀ ਹੈ ॥ ਇਹ ਇਸ ਕਰਕੇ ਕਿ ਕੋਈ ਭੀ ਧਾਤ ਕੁਦਰਤੀ ਤੌਰ ਤੇ ਸਾਫ ਨਹੀਂ ਲੱਭਦੀ ਹੈ ॥ ਇਹ ਹਮੇਸ਼ਾਂ ਹੀ ਕਿਸੇ ਹੋਰ ਧਾਤ ਜਾਂ ਤ੍ਰਤ ਨਾਲ ਲੱਭਦੀ ਹੈ ॥ ਇਹੀ ਵਜ੍ਹਾ ਹੈ ਕਿ ਜਿਵੇਂ ਲੋਹੇ ਨੂੰ ਜੰਗਾਲ ਲਗਦਾ ਹੈ। ਇਹੀ ਜੰਗਾਲ ਜਦੋਂ ਤਾਂਬੇ ਨੂੰ ਲਗਦਾ ਹੈ ਤੇ ਓਹ ਹਰਾ ਜਾਂ ਕਾਲਾ ਪੈ ਜਾਂਦਾ ਹੇ ਅਤੇ ਚਾਂਦੀ ਕਾਲੀ ਪੈ ਜਾਂਦੀ ਹੈ ॥ ਇਸਨੂੰ ਅੰਗ੍ਰੇਜੀ'ਚ ਔਕਸੀਡੇਸ਼ਨ(Oxidation) ਕਹਿੰਦੇ ਨੇਂ ॥ ਭਾਵ ਤਾਂਬੇ ਜਾਂ ਚਾਂਦੀ ਦਾ ਆਕਸੀਜ਼ਨ ਨਾਲ ਮਿਲਕੇ ਇਕ ਸਥਾਈ ਪਰਤ ਬਨਾਉਣਾ ॥ ਇਹ ਹਵਾ'ਚ ਨਮੀਂ ਅਤੇ ਤਾਪਮਾਨ ਤੇ ਹਿਸਾਬ ਨਾਲ ਘਟ੍ਹ ਜਾਂ ਵੱਧ ਜਾਂ ਅੱਡ ਰੰਗ ਅਖ੍ਹਿਆਰ ਕਰਦਾ ਹੈ ॥ ਹਰ ਵੱਖਰਾ ਰੰਗ ਇਕ ਅੱਡ ਕੈਮਿਕਲ ਹੁੰਦਾ ਹੈ ॥ ਝ੍ਹਿਧੀ ਪਰਖ ਕਰਣ ਨਾਲ ਬਹੁਤ ਕੁਝ ਪਤਾ ਲਗਦਾ ਹੈ ਜਿਵੇਂ ਕਿ ਸਿੱਕੇ ਕਿਧਰੇ ਜ਼ਮੀਨ'ਚ ਦੱਬੇ ਹੋਏ ਸੀ ਜਾਂ ਕਿਸੇ ਦਿਵਾਰ'ਚ ਚਿਣੇ ਹੋਏ ਸੀ ਜਾਂ ਗਹਿਣਿਆਂ'ਚ ਰੱਖੇ ਹੋਏ ਸੀ ਵਗੈਰ੍ਹਾ ॥ ਹੇਠਲੀ ਤਸਵੀਰ'ਚ ਅੱਡ ਅੱਡ ਕਿਸਮ ਦੇ ਪੈਟਾਈਨਾ ਵੇਖ ਸਕਦੇ ਹੋਂ ॥ ਇਨ੍ਹਾਂ ਸਾਰਿਆਂ ਦੀ ਰਸਾਇਨਿਕ ਬਣਤ ਅੱਡ ਅੱਡ ਹੈ ਭਾਵ ਇਹ ਅੱਡ ਅੱਡ ਰਸਾਇਣ ਨੇ ॥



ਤਾਂਬੇ ਦੇ ਸਿੱਕਿਆਂ ਦੀ ਜਿਆਦਾ ਸੰਭਾਲ ਕਰਣ ਦੀ ਲੋੜ ਪੈਂਦੀ ਹੈ॥ ਜੇ ਤੁਹਾਡੇ ਸਿੱਕੇ ਨੂੰ ਜਿਸਨੂੰ ਅੰਗਰੇਜੀ'ਚ ਬ੍ਰੌਂਜ਼ ਡੀਜ਼ੀਜ਼ (Bronze Disease) ਕਹਿੰਦੇ ਨੇ। ਹੋ ਜਾਵੇ ਤਾਂ ਇਹ ਬਿਮਾਰੀ ਪੂਰਾ ਸਿੱਕਾ ਹੀ ਖਾ ਜਾਂਦੀ ਹੈ। ਜੇ ਇਸ ਸਿੱਕੇ ਤੋਂ ਤਾਂਬੇ ਅਤੇ ਕਲੌਰਾਈਡ ਦੇ ਤਤ੍ਹ ਨਾਂ ਹਟਾਏ ਜਾਣ ॥ ਕਲੋਰਾਈਡ ਸਮੁੰਦ੍ਰੀ ਲੂਣ ਦੀ ਨੇੜਤਾ ਅਤੇ ਹਵਾ'ਚ ਨਮੀਂ ਕਰਕੇ ਹੋ ਸਕਦਾ ਹੈ ॥ ਕਿਸੇ ਭੀ ਇਕ ਚੀਜ਼ ਜਿਵੇਂ ਕਿ ਨਮੀਂ। ਔਕਸੀਜ਼ਨ। ਅਤੇ ਕਲੌਰਾਈਡ ਨੂੰ ਜੇ ਹਟਾ ਦਿਤ੍ਹਾ ਜਾਵੇ ਤਾਂ ਇਸ ਬਿਮਾਰੀ ਤੋਂ ਸਿੱਕੇ ਨੂੰ ਬਚਾਇਆ ਜਾ ਸਕਦਾ ਹੈ ॥ ਪਰ ਜੋ ਮਾਰ ਸਿੱਕੇ ਨੂੰ ਪੈ ਚੁੱਕੀ ਹੋਵੇ ਉਸਨੂੰ ਠੀਕ ਨਹੀਂ ਕੀਤ੍ਹਾ ਜਾ ਸਕਦਾ ॥ ਬਿਮਾਰ ਸਿੱਕਿਆਂ

ਨੂੰ ਸਫਾਈ ਮਗਰੋਂ ਮੋਮ'ਚ ਵਲ੍ਹੇਟ ਕੇ ਰੱਖਿਆ ਜਾਂਦਾ ਸੀ ਪਰ ਅੱਜਕਲ ਵੈਕਜ਼ੁਮ ਸੀਲ ਕਰਕੇ ਅਸਾਨੀ ਨਾਲ ਰੱਖਿਆ ਜਾ ਸਕਦਾ ਹੈ ॥ ਵੈਕਜ਼ੁਮ ਸੀਲ ਕਰਣ ਤੋਂ ਪਹਿਲਾਂ ਇਹ ਜਰੂਰ ਯਕੀਨੀ ਬਨਾ ਲਉ ਕਿ ਸਾਰਾ ਤਾਂਬੇ ਦਾ ਕਲੋਰਾਈਡ ਹਟਾ ਦਿਤ੍ਾ ਗਇਆ ਹੈ ॥



ਬ੍ਰੌਂਜ਼ ਡੀਜ਼ੀਜ਼ ਦਾ ਮਾਰਿਆ ਹੋਇਆ ਇਕ ਸਿੱਕਾ

## ਸਿੱਕੇ ਘੜ੍ਹੇ ਕਿਵੇਂ ਜਾਂਦੇ ਸੀ?

ਸਿੱਕਿਆਂ ਨੂੰ ਘੜ੍ਹਨ ਵਾਸ੍ਤੇ ਸਭਤੋਂ ਪਹਿਲਾਂ ਚਾਂਦੀ ਦੇ ਸਰੀਏ ਢਾਲੇ ਜਾਂਦੇ ਸੀ ॥ ਇਨ੍ਹਾਂ ਸਰੀਆਂ ਨੂੰ ਫੇਰ ਅਹਰਣ'ਤੇ ਰੱਖਕੇ ਇਕ ਨਿੱਕੀ ਹਥੌੜੀ ਨਾਲ ਸਟ੍ ਮਾਰਕੇ ਗੋਲ ਕੀਤ੍ਾ ਜਾਂਦਾ ਸੀ ॥ ਫੇਰ ਸਰੀਏ ਨੂੰ ਆੱਡੇ ਰੁਖ ਵੱਢਕੇ ਨਿੱਕੇ ਨਿੱਕੇ ਕੋਰੇ ਸਿੱਕੇ ਪ੍ਾਪਤ ਹੁੰਦੇ ਸੀ ॥ ਫੇਰ ਇਨ੍ਹਾਂ ਨੂੰ ਤਤ੍ਾ ਕਰ ਕੇ ਸਚ੍ਹੇ ਜਾਂ ਠੱਪਿਆਂ'ਚ ਰੱਖ ਉਤ੍ਤੋਂ ਹਥੋੜ੍ਾ ਮਾਰਿਆ ਜਾਂਦਾ ਸੀ ॥ ਇੰਝ ਕਰਨ ਨਾਲ ਠੱਪਿਆਂ ਤੇ ਬਣਿਆ ਹੋਇਆ ਖਾੱਕਾ ਸਿੱਕਿਆਂ'ਤੇ ਚੜ੍ ਜਾਂਦਾ ਸੀ ॥ ਇੰਝ ਹੀ ਤਾਂਬੇ ਦੇ ਸਿੱਕੇ ਭੀ ਘੜ੍ਹੇ ਜਾਂਦੇ ਸੀ । ਪਰ ਸੋਨੇ ਦੀਆਂ ਮੋਹਰਾਂ ਦਾ ਬਨਾਉਣ ਦਾ ਇਕ ਵਖਰਾ ਤਰੀਕਾ ਸੀ ॥ ਕੋਰੀਆਂ ਮੋਹਰਾਂ ਨੂੰ ਪਹਿਲਾਂ ਢਾਲਿਆ ਜਾਂਦਾ ਸੀ ਅਤੇ ਫੇਰ ਓਨ੍ਹਾਂ ਨੂੰ ਤਤ੍ਾ ਕਰ ਕੇ ਠੱਪਿਆਂ'ਚ ਰੱਖ ਉਤ੍ਤੇ ਹਥੌੜ੍ਾ ਮਾਰਕੇ ਘੜ੍ਹਿਆ ਜਾਂਦਾ ਸੀ ॥



## ਬੰਧਲ

ਬੰਧਲ ਓਹ ਸਿੱਕੇ ਨੇ ਜੋ ਸਰਕਾਰੀ ਟਕਸਾਲ'ਚ ਘੜ੍ਹੇ ਜਾਂਦੇ ਸੀ ਪਰ ਚੋਰੀ ਕਰਣ ਵਾਸ੍ਤੇ ॥ ਚਾਂਦੀ ਦੇ ਬਜਾਏ ਇਹ ਤਾਂਬੇ'ਚ ਘੜ੍ਹੇ ਜਾਂਦੇ ਸੀ ਅਤੇ ਫੇਰ ਇਨ੍ਹਾਂ'ਤੇ ਚਾਂਦੀ ਦਾ ਪਾਣੀ ਚੜ੍ਹਾ ਦਿਤ੍ਤਾ ਜਾਂਦਾਂ ਸੀ ॥ ਹੇਠਾਂ ਇਕ ਬੰਧਲ ਦਾ ਨਮੂਨਾ ॥ ਇਹ ਸਿੱਕਾ ਵਿਃ ਸੰਃ



੧੮੭੭ ਦੇ ਸ੍ਰੀ ਅਮ੍ਰਿਤਸਰ ਟਕਸਾਲ ਦੇ ਰੁਪਈਏ ਦੀ ਨਕਲ ਹੈ ॥ ਇਸ ਸਿੱਕੇ'ਤੋਂ ਚਾਂਦੀ ਪੂਰੀ ਤਰ੍ਹਾਂ ਲੱਥ ਚੁੱਕੀ ਹੈ ॥ ਕਿਧਰੇ

ਕਿਧਰੇ ਚਾਂਦੀ ਦੇ ਚਿਟ੍ਟੇ ਧੱਬੇ ਨਜ਼ਰ ਆ ਰਹੇ ਨੇ ॥ ਇੰਝ ਸਿੱਕੇ ਤਾਂਬੇ'ਚ ਘੜ੍ਹ ਕੇ ਕਾਰੀਗਰ ਚਾਂਦੀ ਚੋਰੀ ਕਰ ਲੈਂਦੇ ਸੀ ॥ ਇਹ ਬੰਧਲ ਸਿੱਕੇ ਲਾਹੌਰ ਅਤੇ ਕਸ਼ਮੀਰ ਟਕਸਾਲਾਂ ਦੇ ਭੀ ਵੇੱਖੇ ਜਾ ਚੁੱਕੇ ਨੇ ॥

## ਮਜੂਲ ਜਾਂ Mule

ਮਜੂਲ ਜਿਸਦਾ ਭਾਵਅਰ੍ਥ ਖੱਚਰ ਹੁੰਦਾ ਹੈ ਜਾਂ ਅੰਗ੍ਰੇਜੀ'ਚ ਜਿਸਨੂੰ mule ਕਹਿੰਦੇ ਨੇ । ਇਨ੍ਹਾਂ ਸਿੱਕਿਆਂ ਦੇ ਸਿੱਧੇ ਅਤੇ ਪੁੱਠੇ ਪਾੱਸੇ ਅੱਡ ਅੱਡ ਠੱਪਿਆਂ ਜਾ dies ਨਾਲ ਘੜ੍ਹੇ ਹੋਏ ਮਿਲਦੇ ਨੇ ਜੋ ਆਮ ਸਿੱਕਿਆਂ ਦੇ ਠੱਪਿਆਂ ਦੀ ਜੋੜੀ ਤੋਂ ਅੱਡ ਹੁੰਦੇ ਨੇ ਜਿਸਨੂੰ ਅੰਗ੍ਰੇਜੀ'ਚ mismatched dies ਕਹਿੰਦੇ ਨੇ ॥ ਜਿਵੇਂ ਕਿ ਹੇਠਲੀ ਤਸਵੀਰ'ਚ ਸਿੱਕਾ । ਞ੍ਹਿਧਾ ਸਿੱਧਾ ਪਾੱਸਾ ਕਸ਼ਮੀਰ ਟਕਸਾਲ[੪] ਦਾ ਹੈ ਜੋ ਆਮ ਤੌਰ ਤੇ ਵਿ: ਸੰ: ੧੮੭੬ ਅਤੇ ੧੮੭੭ ਦੇ ਸਿੱਕਿਆਂ'ਤੇ ਵੇਖਣ ਨੂੰ ਮਿਲਦਾ ਹੈ ॥ ਅਤੇ ਸਿੱਕੇ ਦਾ ਪੁੱਠਾ ਪਾੱਸਾ ਸ੍ਰੀ ਅਮ੍ਰਿਤਸਰ ਟਕਸਾਲ[੫] ਦਾ ਹੈ ॥



Image courtesy of Steve Album Rare Coins.
ਤਸਵੀਰ ਸਟੀਵ ਐਲਬਮ ਰੇਅਰ ਕੋਇਨਜ਼ ਸਦਕਾ

ਅਗ੍ਹੇ ਚੱਲਕੇ ਅਸੀਂ ਵੇੱਖਾਂਗੇ ਕਿ ਕਿਵੇਂ ਸਿੱਕਿਆਂ'ਤੇ ਅੱਡ ਅੱਡ ਇਬਾਰਤਾਂ ਹੁੰਦੀਆਂ ਨੇ ਅਤੇ ਇਸ ਸਿੱਕੇ'ਤੇ ਗੋਬਿੰਦਸ਼ਾਹੀ ਇਬਾਰਤ ਕਸ਼ਮੀਰੀ ਹੈ ਅਤੇ ਪੁੱਠੇ ਪਾੱਸੇ ਤੇ ਟਕਸਾਲ ਦਾ ਨਾਉਂ ਸ੍ਰੀ ਅੰਬਰਤਸਰ ਦਾ ਕੁਝ ਹਿੱਸਾ ਨਜ਼ਰ ਆ ਰਿਹਾ ਹੈ ॥

## ਲੱਖੀ

ਇਕ ਸਿੱਕੇ ਦੀ ਕਿਸਮ ਨੂੰ ਲੱਖੀ ਕਹਿੰਦੇ ਨੇ ॥ ਇਨ੍ਹਾਂ ਨੂੰ ਲੱਖੀ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਸ਼ਾਇਦ ਇਕ ਲੱਖ

ਸਿੱਕਿਆਂ ਮਗਰ ਇਸ ਤਰ੍ਹਾਂ ਦਾ ਇਕ ਸਿੱਕਾ ਘੜ੍ਹ ਹੁੰਦਾ ਸੀ ॥ ਇਨ੍ਹਾਂ ਨੂੰ ਅੰਗ੍ਰੇਜ਼ੀ'ਚ ਬ੍ਰੌਕੇਜ ਜਾਂ brockage ਕਹਿੰਦੇ ਨੇ ॥ ਇਹ ਜਾਣ ਬੁਝ ਕੇ ਨਹੀਂ ਘੜ੍ਹਿਆ ਜਾਂਦਾ ਸੀ ਪਰ ਗਲਤੀ ਨਾਲ ਘੜ੍ਹ ਹੋ ਜਾਂਦਾ ਸੀ ॥

ਜਦੋਂ ਸਿੱਕਾ ਘੜ੍ਹਦੇ ਵਕਤ ਜੇ ਸਿੱਕਾ ਸਿੱਧੇ ਪੱਸੇ ਦੇ ਠੱਪੇ'ਤੇ ਚੁੰਬੜਿਆ ਰਹਿ ਜਾਵੇ ਅਤੇ ਜੋ ਅਗਲਾ ਸਿੱਕਾ ਘੜ੍ਹ ਹੁੰਦਾ ਹੈ ਉਸ'ਤੇ ਸਿੱਧੇ ਪੱਸੇ ਦੇ ਠੱਪੇ ਦੇ ਨਿਸ਼ਾਨ ਦੇ ਬਜਾਏ ਜੋ ਸਿੱਕਾ ਸਿੱਧੇ ਪੱਸੇ'ਤੇ ਚੁੰਬੜਿਆ ਰਹਿ ਗਇਆ ਹੈ। ਉਸ'ਤੇ ਪੁੱਠੇ ਪੱਸੇ ਦੇ ਠੱਪੇ ਦਾ ਨਿਸ਼ਾਨ ਨਵੇਂ ਸਿੱਕੇ ਤੇ ਘੜ੍ਹ ਹੋ ਜਾਂਦਾ ਹੈ ॥ ਸੋ ਇਹ ਨਿਸ਼ਾਨ ਉੱਭਰ੍ਹਿਆ ਹੋਣ ਦੇ ਬਿਜਾਏ ਖੁਭਿਆ ਹੁੰਦਾ ਹੈ ਅਤੇ ਸਿੱਕੇ ਦੇ ਦੂਜੇ ਪੱਸੇ ਜੋ ਪੁੱਠੇ ਪੱਸੇ ਦੇ ਠੱਪੇ'ਤੇ ਰੱਖ ਕੇ ਘੜ੍ਹਿਆ ਜਾਂਦਾਂ ਸੀ। ਪੁੱਠੇ ਪੱਸੇ ਦਾ ਹੀ ਨਿਸ਼ਾਨ ਛੱਪਦਾ ਸੀ ॥ ਇਹ ਨਿਸ਼ਾਨ ਇੰਞ ਹੁੰਦਾ ਸੀ ਕਿ ਸ਼ੀਸ਼ੇ'ਚ ਵੇਖਣ ਦੇ ਨਾਲ ਹੀ ਠੀਕ ਨਜ਼ਰ ਆਓਂਦਾ ਸੀ ਜਿਸਨੂੰ ਅੰਗ੍ਰੇਜ਼ੀ'ਚ mirror image ਕਹਿੰਦੇ ਨੇ ॥ ਸੋ ਸਿੱਕੇ ਦੇ ਦੋਵੇਂ ਪੱਸੇ ਸਿੱਕੇ ਦੇ ਪੁੱਠੇ ਠੱਪੇ ਦਾ ਨਿਸ਼ਾਨ ਹੀ ਹੁੰਦਾ ਹੈ ॥ ਇਸ ਤਰ੍ਹਾਂ ਦੇ ਇਕ ਸਿੱਕੇ ਦਾ ਨਮੂਨਾ ਹੇਠਾਂ ਤਸਵੀਰ'ਚ ਵੇਂਖਿਆ ਜਾ ਸਕਦਾ ਹੈ ॥



ਇਸ ਸਿੱਕੇ ਦੀਆਂ ਤਸਵੀਰਾਂ ਜੀਵਨਦੀਪ ਸਿੰਘ ਜੀ ਦੇ ਸਦਕੇ

## ਟਿੱਪਣੀਆਂ :


੧. History of Classical Sanskrit Literature M. Srinivasachariar p 94

੨. ਸਿੱਕਾ #੩੪੦ Catalouge of Sikh Coins in British Museum, p 51

੩. ਸਿੱਕਾ #੨੫ Ibid p 24

੪. ਸਿੱਕਾ #੨੭੪ ਪੁੱਠਾ ਪੱਸਾ Ibid p 45

੫. ਸਿੱਕੇ #੪੬੫ ਤੋਂ #੪੬੮ ਦੇ ਸਿੱਧੇ ਪੱਸੇ Ibid p 63

# ਸਿੱਕੇ ਅਤੇ ਤਵਾਰੀਖ

ਕਈ ਵਾਰੀ ਲਿਖਿਆ ਹੋਇਆ ਇਤਿਹਾਸ ਜਾਂ ਤਵਾਰੀਖ ਤਬਾਹ ਹੋ ਜਾਂਦੀ ਹੈ ਜਿਵੇਂ ਕਿ ਇਹ ਕਿਹਾ ਜਾਉਂਦਾ ਹੈ ਕਿ ਮਿਸਰ'ਚ ਸਿਕੰਦ੍ਰਾ ਦੇ ਕਿਤਾਬਘਰਾਂ ਨੂੰ ਜੂਲੀਅਸ ਸੀਜ਼ਰ ਦੇ ਸਿਪਾਹੀਆਂ ਨੇ ਗਲਤੀ ਨਾਲ ਫਤਹਿ ਮਗਰੋਂ ਅਗ੍ਗ ਲਗਾ ਕੇ ਸਾੜ ਦਿਤ੍ਤਾ ਸੀ ਅਤੇ ਅਨਮੁੱਲੇ ਦਸਤਾਵੇਜ਼ ਅਤੇ ਕਿਤਾਬਾਂ ਸੜ੍ਹ ਕੇ ਸੁਆਹ ਹੋ ਗਈਆਂ ਅਤੇ ਨਾਲ ਹੀ ਤਵਾਰੀਖ ਭੀ ਖਤਮ ਹੋ ਗਈ ॥ ਭੂਚਾਲ ਜਾਂ ਹੜ ਭੀ ਲਿਖੀ ਹੋਈ ਤਵਾਰੀਖ ਨੂੰ ਮਿਟਾ ਸਕਦੇ ਨੇ ॥ ਅੱਜ ਜਿਵੇਂ ਹਿੰਦੁਸ੍ਤਾਨ'ਚ ਤਵਾਰੀਖ ਮੁੜ ਲਿਖੀ ਜਾ ਰਹੀ ਹੈ[੧] । ਇਨ੍ਹਾਂ ਸੱਭ ਦੇ ਬਾਵਜੂਦ ਸਿੱਕੇ ਇਕ ਤਵਾਰੀਖੀ ਕਹਾਣੀ ਸਾਂਭ ਕੇ ਰੱਖਦੇ ਨੇ ॥ ਸਿੱਕੇ ਝੂਠ ਨਹੀਂ ਬੋਲਦੇ ॥ ਸਿੱਕੇ ਤਵਾਰੀਖ ਦੀ ਨਿਸ਼ਾਨੀ ਹੁੰਦੇ ਨੇ ॥ ਬਹੁਤ ਬਾਰ ਸਿਰਫ ਸਿੱਕੇ ਹੀ ਸਾਨੂੰ ਅਸਲੀ ਤਵਾਰੀਖ ਨਾਲ ਰਾਬਤਾ ਕਰੋਂਦੇ ਨੇ[੨] ॥



ਸਿਕੰਦਰ ਦੀ ਪੋਰਸ ਤੇ ਫਤਹਿ ਦਾ ਸਿੱਕਾ

ਕੀ ਸਿਕੰਦਰ ਨੇ ਵਾਕਈ ਹੀ ਪੋਰਸ ਨਾਲ ਜੰਗ ਕੀਤ੍ਰੀ ਸੀ ? ਇਸਦਾ ਜਵਾਬ ਜੇ ਕੋਈ ਦੇ ਸਕਦਾ ਹੈ ਤੇ ਓਹ ਨੇ ਸਿਕੰਦਰ ਦੇ ਜਾਰੀ ਕੀਤ੍ਰੇ ਹੋਏ ਸਿੱਕੇ ॥ ਇਹ ਸਿੱਕਾ ਵੇਂਖਿਆ ਜਾ ਸਕਦਾ ਹੈ ਇਸ ਤੇ ਸਿਕੰਦਰ ਹੇਠਾਂ ਘੋੜ੍ਹੇ ਤੋਂ ਨੱਜੇ ਨਾਲ ਹਾੱਥੀ ਉਤ੍ਰੇ ਬੈਠੇ ਪੋਰਸ ਤੇ ਵਾਰ ਕਰ ਰਿਹਾ ਹੈ ॥ ਅਤੇ ਦੂੱਜੇ ਪਾੱਸੇ ਯੂਨਾਨ ਦੀ ਦੇਵੀ ਐਥੀਨਾ ਸਿਕੰਦਰ ਨੂੰ ਅਸੀਸ ਦੇ ਰਹੀ ਹੈ ॥ ਸਿੱਕਿਆਂ ਦੇ ਮਾਹਿਰ ਇਸ ਨੂੰ ਸਿਕੰਦਰ ਦੀ ਪੋਰਸ'ਤੇ ਫਤਹਿ ਦਾ ਸਿੱਕਾ ਕਹਿੰਦੇ ਨੇ ॥



ਸਿਕੰਦਰ ਦੀਆਂ ਫੌਜਾਂ

ਸਿਕੰਦਰ ਦੀ ਪੋਰਸ ਅਤੇ ਹਿੰਦੁਸ੍ਤਾਨ ਫਤਹਿ ਦੇ ਕੋਈ ੩੦੦ ਸਾਲ ਮਗਰੋਂ ਯੂਨਾਨੀਆਂ ਨੇ ਈਸਾ ਤੋਂ ੧੯੦ ਵਰ੍ਹੇ ਪਹਿਲਾਂ ਜਿਸਨੂੰ ਅੰਗ੍ਰੇਜ਼ੀ'ਚ ੧੯੦ ਬੀ ਸੀ ਕਹਿੰਦੇ ਨੇ। ਅੱਜ ਦੇ ਪੰਜਾਬ'ਤੇ ਹਮਲਾ ਕੀਤ੍ਤਾ ਅਤੇ ਫਤਹਿ ਕਰਕੇ ਰਾਜ ਕੀਤ੍ਤਾ ॥ ਇਹ ਹਮਲਾ ਡੈਮੀਟੀਰਿਅਸ ਨੇ ਕੀਤ੍ਤਾ ਅਤੇ ਮੌਰ੍ਹਿਆਂ ਦੇ ਰਾਜ ਨੂੰ ਤਬਾਹ ਕਰ ਦਿਤ੍ਤਾ ॥




ਡੈਮੀਟੀਰਿਅਸ ਦਾ ਇਕ ਸਿੱਕਾ

ਹਿੰਦੁਸ੍ਤਾਨੀ ਯੂਨਾਨੀ ਰਾਜੇ ਮਿਨੈਂਡਰ ਜਾਂ ਜਿਸਨੂੰ ਉਸ ਵੇੱਲੇ ਦੀ ਬੋੱਲੀ ਪਾਲੀ'ਚ ਮਿਲਿੰਦ ਕਹਿੰਦੇ ਸੀ। ਦੇ ਕਈ ਸਿੱਕੇ

ਲੱਭਦੇ ਨੇ ਜਿਨ੍ਹਾਂ ਦੇ ਇਕ ਪਾਸੇ ਯੂਨਾਨੀ ਲਿਪੀ ਜਾਂ ਗ੍ਰੀਕ'ਚ ਇਬਾਰਤ ਹੁੰਦੀ ਹੈ ਅਤੇ ਦੂੱਜੇ ਪਾਸੇ ਉਸ ਵੇੱਲੇ ਦੀ ਹਿੰਦੁਸ੍ਤਾਨੀ ਲਿਪੀ ਖਰੋਸ਼ਠੀ'ਚ ਇਬਾਰਤ ਹੁੰਦੀ ਹੈ ॥



ਮਿਨੈਂਡਰ ਪਹਿਲੇ ਦਾ ਸਿੱਕਾ

ਸਿੱਧਾ ਪੱਸਾ : ਯੂਨਾਨੀ ਇਬਾਰਤ । ΒΑΣΙΛΕΩΣ ΣΩΤΗΡΟΣ ΜΕΝΑΝΔΡΟΥ (ਬੈਸੀਲੀਓਜ਼ ਸੋਟੀਰੋਸ ਮੇਨੈਂਡਰੂ) ॥ ਪਾਲਨਹਾਰ ਰਾਜਾ ਮਿਨੈਂਡਰ ॥

ਪੁੱਠਾ ਪੱਸਾ : ਖਰੋਸ਼ਠੀ'ਚ "ਪਾਲਨਹਾਰ ਰਾਜਾ ਮਿਨੈਂਡਰ ॥" ਐਥੀਨਾ ਸੱਜੇ ਟੁਰਦੀ ਹੋਈ ਹੱਥ'ਚ ਬਿਜਲੀ ਅਤੇ ਢਾਲ ॥ ਤਕਸ਼ਿਲਾ ਟਕਸਾਲ ਦਾ ਨਿਸ਼ਾਨ ॥

ਵੈਸੇ ਮਿਨੈਂਡਰ ਦੋ ਰਾਜੇ ਹੋਏ ਨੇ ॥ ਦੂਜਾ ਮਿਨੈਂਡਰ ਪਹਿਲੇ ਮਿਨੈਂਡਰ ਤੋਂ ਕੁਝ ੮੦ ਵਰ੍ਹਿਆਂ ਮਗਰ ਹੋਇਆ ਸੀ ॥ ਪਰ ਇਹ ਸਾਡਾ ਵਿਸ਼ਾ ਨਹੀਂ ॥ ਇਹ ਸੱਭ ਕੁਝ ਸਾਨੂੰ ਓਨ੍ਹਾਂ ਦਿਆਂ ਸਿੱਕਿਆਂ ਤੋਂ ਪਤਾ ਲਗਦਾ ਹੈ ॥

ਖਰੋਸ਼ਠੀ ਲਿਪੀ ਅਲੋਪ ਹੋ ਗਈ ਸੀ ਨਾਲ ਹੀ ਬਖਤਾਰੀ ਪਾਲੀ ਭੀ । ਅਤੇ ਇਸਨੂੰ ਮੁੜ ਸੁਰਜੀਤ ਕਰਨ ਦਾ ਸੇਹਰਾ ਸਿੱਕਿਆਂ ਸਿਰ ਹੀ ਹੈ[੨] ॥ ਕਿਉਂਕਿ ਸਿੱਕਿਆਂ ਦੇ ਇਕ ਪੱਸੇ ਖਰੋਸ਼ਠੀ ਲਿਪੀ'ਚ ਇਬਾਰਤ ਹੁੰਦੀ ਹੈ ਅਤੇ ਦੂਜੇ ਪਾਸੱਸੇ ਓਹੀ ਇਬਾਰਤ ਯੂਨਾਨੀ ਜਾਂ ਗ੍ਰੀਕ'ਚ । ਜਿਵੇਂ ਅਸੀ ਉਤ੍ਤੇ ਸਿੱਕੇ ਦੀ ਤਸਵੀਰ'ਚ ਵੇੱਖਿਆ ॥ ਸੋ ਖਰੋਸ਼ਠੀ ਅੱਖਰਾਂ ਨੂੰ ਯੂਨਾਨੀ ਰਾਹੀਂ ਪਛਾਣਿਆ ਗਇਆ ॥

ਸਿੱਕੇ ਜਿੱਥੇ ਘੜ੍ਹੇ ਜਾਂਦੇ ਨੇ ਓਸਨੂੰ ਟਕਸਾਲ ਕਹਿੰਦੇ ਨੇ ॥ ਟਕਸਾਲ ਨੂੰ ਅੰਗ੍ਰੇਜ਼ੀ'ਚ ਮਿੰਟ (mint) ਕਹਿੰਦੇ ਨੇ ॥ ਆਮ ਤੌਰ ਤੇ ਇਹ ਵੇਖਣ'ਚ ਆਉਂਦਾ ਹੈ ਕਿ ਹਰ ਟਕਸਾਲ ਦਾ ਆਪਣਾ ਇਕ ਖਾਸ ਨਿਸ਼ਾਨ ਹੁੰਦਾ ਹੈ ॥ ਅਗ੍ਹੇ ਚਲਕੇ ਅਸੀਂ ਵੇੱਖਾਂਗੇ ਕਿ ਸਿੱਖਾਂ ਦੇ ਸਿੱਕੇ ਭੀ ਕਈ ਟਕਸਾਲਾਂ'ਚ ਘੜ੍ਹੇ ਜਾਉਂਦੇ ਸੀ ॥

## ਟਿੱਪਣੀਆਂ :


੧.https://www.reuters.com/investigates/special-report/india-modi-culture/

https://dash.harvard.edu/handle/1/9887609
https://www.thestar.com/opinion/commentary/2016/06/29/the-disturbing-agenda-to-rewrite-indias-history.html
http://web.archive.org/web/20170901031217/https://www.huffingtonpost.in/haris-ahmed/why-the-bjp-s-rewriting-of-textbook-history-will-do-harm-to-our_a_22952961/
https://carnegieendowment.org/2019/11/16/bjp-has-been-effective-in-transmitting-its-version-of-indian-history-to-next-generation-of-learners-pub-80373

੨. Coin collecting in Northern India, C. J. Rodgers, p 5

# ਪ੍ਰਭੁਤਾ ਕੀ ਹੈ ਅਤੇ ਸਿੱਕਿਆਂ ਨਾਲ ਰਿਸ਼ਤਾ

ਕਿਸੀ ਭੂਗੋਲੀ ਖੇਤ੍ਰ ਜਾਂ ਲੋਕਾਂ ਦੇ ਉਤ੍ਰੇ ਰਾਜ ਨੂੰ ਜਾਂ ਪੂਰੇ ਹੱਕਾਂ ਨਾਲ ਕਾਬੂ ਕਰਣ ਦੇ ਹੱਕ ਨੂੰ ਪ੍ਰਭੁਤਾ ਕਹਿੰਦੇ ਨੇ ॥ ਅੰਗਰੇਜ਼ੀ'ਚ ਇਸਨੂੰ sovereignty ਕਹਿੰਦੇ ਨੇ ॥ Sovereignty sovereign ਯਾਨੀ ਕਿ ਬਾਦਸ਼ਾਹ ਕੋਲ ਹੁੰਦੀ ਹੈ ॥ ਸਾਰੇ ਕਨੂੰਨ ਜਾਂ ਹੱਕ ਇਸ ਬਾਦਸ਼ਾਹੀ ਦੇ ਨਾਂਉਂ ਹੇਠਾਂ ਹੀ ਚਲਦੇ ਨੇ ॥ ਜਿਵੇਂ ਕਿ ਅੱਜ ਦੇ ਕੈਨਡਾ ਅਤੇ ਹੋਰ ਕਈ ਦੇਸ਼ਾਂ'ਚ ਕਨੂੰਨ ਵਿਲਾਇਤ ਦੀ ਰਾਣੀ ਦੇ ਨਾਂਉਂ ਨਾਲ ਚਲਦੇ ਨੇ ਕਿਉਂਕਿ ਵਿਲਾਇਤ ਦੀ ਰਾਣੀ ਇਨ੍ਹਾਂ ਮੁਲਕਾ ਦੀ ਰਾਜਗੀਰ ਜਾਂ sovereign ਹੈ ॥ ਜਦੋਂ ਇਕ ਬਾਸ਼ਿੰਦਾ ਕੈਨਡਾ ਦਾ ਨਾਗਰਿਕ ਬਨਦਾ ਹੈ ਤਾਂ ਉਸਨੂੰ ਵਿਲਾਇਤ ਦੀ ਰਾਣੀ ਅਤੇ ਉਧੇ ਵਾਰਿਸਾਂ ਦੇ ਵੱਲ ਵਫਾਦਾਰੀ ਰੱਖਣ ਦੀ ਕਸਮ ਖਾਣੀ ਪੈਂਦੀ ਹੈ । ਭਾਂਵੇ ਕਿ ਕੈਨਡਾ ਇਕ ਅਜ਼ਾਦ ਮੁਲਕ ਹੈ ਪਰ ਰਿਵਾਇਤੀ ਤੌਰ ਤੇ ਹੀ ਸਹੀ । ਕੈਨਡਾ ਦੀ ਜਨਤਾ ਵਿਲਾਇਤ ਦੀ ਰਾਣੀ ਦੀ ਰੱਈਅਤ ਜਾਂ ਪਰਜਾ ਹੈ ॥ ਇਹੀ ਵਜ੍ਹਾ ਹੈ ਕਿ ਕੈਨਡਾ ਦੇ ਸਿੱਕਿਆਂ'ਤੇ ਸਦੀਆਂ ਤੋਂ ਇਕ ਪੱਸੇ ਵਿਲਾਇਤ ਦੇ ਰਾਜੇ ਰਾਣੀਆਂ ਦੀਆਂ ਤਸਵੀਰਾਂ ਉਕੇਰੀਆਂ ਜਾਂਦੀਆਂ ਨੇ ਅਤੇ ਸਰਕਾਰ ਵਿਲਾਇਤ ਦੀ ਰਾਣੀ ਦੇ ਨਾਉਂ ਤੇ ਹੀ ਕਨੂੰਨ ਬਨਾਉਂਦੀ ਹੈ ॥ ਕੈਨਡਾ ਦੀ ਅੱਜ ਦੀ ਕਰੰਸੀ ਤੇ ਭੀ ਮਹਾਰਾਨੀ ਐਲੀਜ਼ਾਬੈਥ ਦੀਆਂ ਤਸਵੀਰਾਂ ਹੁੰਦੀਆ ਨੇ ॥

ਜੇ ਕਿਸੇ ਖਿਲਾਫ ਕੋਈ ਫੋਜਦਾਰੀ ਮੁਕਦਮਾ ਹੋਵੇ ਤੇ ਜਿਵੇਂ ਹਿੰਦੁਸਤਾਨ'ਚ ਕਹਿੰਦੇ ਨੇ ਸਰਕਾਰ ਬਨਾਮ ਫਲਾਨਾ ਫਲਾਨਾ ਜਾਂ State vs XX । ਕੈਨਡਾ'ਚ ਇਸਨੂੰ ਕਹਿੰਦੇ ਨੇ ਮਹਾਰਾਨੀ ਬਨਾਮ ਫਲਾਨਾ ਫਲਾਨਾ ਜਾਂ Regina VS XX ਕਿਉਂਕਿ ਕੈਨਡਾ ਦੀ ਸਰਕਾਰ ਮਹਾਰਾਨੀ ਐਲੀਜ਼ਾਬੈਥ ਦੇ ਨਾਉਂ ਤੇ ਚਲਦੀ ਹੈ ॥






ਜਿਸਦੀ ਪ੍ਰਭੁਤਾ ਹੁੰਦੀ ਹੈ ਉਸਦਾ ਹੀ ਸਿੱਕਾ ਚਲਦਾ ਹੈ ॥ ਇਹ ਅਸੀਂ ਵੇਖ ਹੀ ਆਏ ਹਾਂ ਕਿ ਕਿਵੇਂ ਯੂਨਾਨੀਆਂ ਦੇ ਹਿੰਦੁਸ੍ਤਾਨ ਉੜ੍ਹੇ ਰਾਜ ਕਰਣ ਦੇ ਸਿੱਕੇ ਲੱਭਦੇ ਨੇ ਕਿਉਂਕਿ ਉਸ ਵੇੱਲੇ ਉਨ੍ਹਾਂ ਦੀ ਪ੍ਰਭੁਤਾ ਸੀ ॥ ਜਿਸਦੀ ਪ੍ਰਭੁਤਾ ਹੁੰਦੀ ਹੈ ਉਹ ਹੀ ਆਪਣਾ ਸਿੱਕਾ ਜਾਰੀ ਕਰਦਾ ਹੈ ॥ ਕਲ੍ਹਾ ਸਿੱਕਾ ਹੀ ਨਹੀਂ ਬਲਕਿ ਉਸ ਮੁਲਕ ਦੇ ਕਨੂੰਨ ਭੀ ਉਹੀ ਬਨਾਉਂਦਾ ਹੈ । ਜ੍ਹਿਧੀ ਪ੍ਰਭੁਤਾ ਹੁੰਦੀ ਹੈ ॥ ਸ਼ਾਇਦ ਇਹ ਆਮ ਲੋਕਾਂ ਨੂੰ ਨਹੀਂ ਪਤਾ ਕਿ ਹਿੰਦੁਸ੍ਤਾਨ ਦੇ ਕਬਜ਼ੇ ਵਾਲੇ ਕਸ਼ਮੀਰ'ਚ ਹਿੰਦੁਸ੍ਤਾਨ ਦੀ ਸਰਕਾਰ ਦੇ ਧਾਰਾ ੩੭੦ ਹਟੌਣ ਦੇ ਨਾਲ ੧੯੩੨ ਈਸਵੀ ਤੋਂ ਚਲਦੇ ਆ ਰਹੇ ਕਸ਼ਮੀਰ'ਚ ਲਾਗੂ ਰਣਬੀਰ ਪੀਨਲ ਕੋਡ ਦੀ ਵੈਧਤਾ ਖਤਮ ਹੋ ਗਈ ॥ ਰਣਬੀਰ ਪੀਨਲ ਕੋਡ ਕਸ਼ਮੀਰ ਦੇ ਡੋਗਰੇ ਮਹਾਰਾਜੇ ਰਣਬੀਰ ਸਿੰਘ ਨੇ ਬਣਵਾਇਆ ਅਤੇ ਲਾਗੂ ਕੀਤ੍ਹਾ ਸੀ ॥ ਕਸ਼ਮੀਰ'ਚ ਕਿਸਦੀ ਪ੍ਰਭੁਤਾ ਹੈ ਜਾਂ ਹੋਣੀ ਚਾਹੀਦੀ । ਇਹ ਸਾੱਡਾ ਵਿਸ਼ਾ ਨਹੀਂ ॥

ਸਿੱਖਾਂ ਨੇ ਭੀ ਰਾਜ ਕੀਤ੍ਹਾ ਅਤੇ ਆਪਨੇ ਸਿੱਕੇ ਚਲਾਏ ॥ ਇਹ ਸਿੱਕੇ ਭੀ ਬਾਕੀ ਸਿੱਕਿਆਂ ਵਾਂਙੂ ਸਿੱਖਾਂ ਦੀ ਪ੍ਰਭੁਤਾ ਵੱਲ ਇਸ਼ਾਰਾ ਕਰਦੇ ਨੇ ॥

ਈਸ੍ਟ ਇੰਡੀਆ ਕੰਪਨੀ ਨੇ ਪਹਿਲਾਂ ਬੰਗਾਲ ਤੋਂ ਜਿਨ੍ਹਾਂ ਨੂੰ ਬੰਗਾਲ ਪ੍ਰੈਸੀਡੈਂਸੀ ਦੇ ਸਿੱਕੇ ਕਹਿੰਦੇ ਨੇ । ਜਾਰੀ ਕੀਤ੍ਹੇ ॥ ਪਰ ਓਹ ਸ਼ਾਹ ਆਲਮ ਦੂਜੇ ਦੇ ਨਾਂਉ ਹੇਠ ਸੀ ॥ ਯਾਨੀ ਕਿ ਪ੍ਰਭੁਤਾ ਸ਼ਾਹ ਆਲਮ ਦੀ ਸੀ ॥



ਰੁਪੱਈਆ ਈਸ੍ਟ ਇੰਡੀਆ ਕੰਪਨੀ ਸ਼ਾਹ ਆਲਮ ਦੂਜੇ ਦੇ ਨਾਉਂ ਹੇਠ ਜਾਰੀ ਹੋਇਆ

ਇਸਦੇ ਨਾਲ ਹੀ ਅਸੀਂ ਕਈ ਹੋਰ ਸਿੱਕੇ ਵੇਖ ਸਕਦੇ ਹਾਂ ਜੋ ਸਾੱਨੂੰ ਦੱਸਦੇ ਨੇ ਕੀ ਪ੍ਰਭਤਾ ਕੀ ਹੁੰਦੀ ਹੈ ॥ ਆਓ ਹੁਣ ਕੁਝ ਲਾਹੌਰ ਟਕਸਾਲ ਦੇ ਸਿੱਕੇ ਵੇਂਖੀਏ ॥ ਸਿੱਖਾਂ ਨੇ ਭੀ ਲਾਹੌਰ ਤੋਂ ਆਪਣੇ ਸਿੱਕੇ ਜਾਰੀ ਕੀਤ੍ਹੇ ਓਨ੍ਹਾਂ ਸਿੱਕਿਆਂ'ਤੇ ਅਸੀਂ ਤਫਸੀਲ ਨਾਲ ਬਾਅਦ'ਚੋਂ ਰੋਸ਼ਨੀ ਪਾਵਾਂਗੇ ॥




ਮਰਾਠਿਆਂ ਦਾ ਲਾਹੌਰ ਦਾ ਸ਼ਾਹ ਆਲਮ ਦੇ ਨਾਉਂ ਦਾ ਸਿੱਕਾ
Image courtesy of Steve Album Rare Coins

**ਇਸ ਸਿੱਕੇ ਦੇ ਸਿੱਧੇ ਪੱਸੇ'ਤੇ ਸ਼ਾਹ ਆਲਮ ਦਾ ਨਾਉਂ ਪੜ੍ਹਇਆ ਜਾ ਸਕਦਾ ਹੈ ॥ ਸਿੱਕਾ ਘੜ੍ਹਨ ਦੀ ਤਾਰੀਖ ਹਿਜਰੀ ੧੧੭੨ ਹੈ ॥ ਹਿਜਰੀ ਇਸਲਾਮੀ ਜੰਤਰੀ ਜਾਂ ਕੈਲੈਂਡਰ ਹੁੰਦਾ ਹੈ ॥ ਇਹ ਤਾਰੀਖ ਈਸਵੀ'ਚ ਸੰਨ ੧੭੫੮ ਬਣਦਾ ਹੈ ॥ ਸਿੱਕੇ ਦੇ ਦੂਜੇ ਪੱਸੇ ਟਕਸਾਲ ਦਾ ਨਾਉਂ ਦਾਰ ਅਲ ਸਲ੍ਹਨਾ ਲਾਹੌਰ ਸਾਫ ਸਾਫ ਪੜ੍ਹਿਆ ਜਾ ਸਕਦਾ ਹੈ ॥ ਇਹ ਸਿੱਕਾ ਮਰਾਠਿਆਂ ਨੇ ਜਾਰੀ ਕੀਤ੍ਰਾ ਸੀ ॥**

**ਸ਼ਾਹ ਆਲਮ ਮੁਗਲੀਆ ਬਾਦਸ਼ਾਹ ਸੀ ॥ ਕਿਉਂਕਿ ਮਰਾਠਿਆਂ ਨੇ ਮੁਗਲਾਂ ਦੀ ਸਰਪ੍ਰਸਤੀ ਨੂੰ ਕਬੂੱਲਿਆ ਸੀ । ਤੇ ਸਿੱਕੇ ਭੀ ਓਨ੍ਹਾਂ ਨੇ ਮੁਗਲ ਬਾਦਸ਼ਾਹ ਦੇ ਨਾਉਂ ਦੇ ਹੀ ਜਾਰੀ ਕਰਨੇ ਸੀ ॥ ਕਿਉਂਕਿ ਪ੍ਰਭੁਤਾ ਤਾਂ ਮੁਗਲਾਂ ਦੀ ਸੀ ॥ ਇਹ ਭੀ ਇਕ ਵਜ੍ਹਾ ਸੀ ਕਿ ਸਿੱਖ ਮਿਸਲਾਂ ਜਾਂ ਦਲ ਖਾਲਸਾ ਜ੍ਹਿਧੀ ਅਗਵਾਈ ਹੇਠ ਸਿੱਖਾਂ ਨੇ ਆਪਣਾ ਅਜ਼ਾਦ ਮੁਲਕ ਥਾੱਪਿਆ । ਮਰਾਠਿਆਂ ਵੱਲ ਕੋਈ ਬਹੁਤਾ ਦੋਸ੍ਤਾਨਾ ਹੱਥ ਨਹੀਂ ਵਧਾਇਆ ॥**

**ਸਿੱਖਾਂ ਦਾ ਲਾਹੌਰ ਦੇ ਤਖ਼ੁ ਤੇ ਵਿ: ਸੰ: ੧੮੨੨'ਚ ਕਬਜਾ ਹੋਇਆ ॥ ਆਪਨੀ ਪ੍ਰਭੂਤਾ ਦਾ ਸਬੂਤ ਦੇਂਦਿਆਂ ਸਿੱਖਾਂ ਨੇ ਲਾਹੌਰ ਤੋਂ ਸਿੱਕਾ ਜਾਰੀ ਕੀਤ੍ਰਾ ॥ ਪਰ ਇਸਤੋਂ ਪਹਿਲਾਂ ਵਿ: ਸੰ: ੧੮੨੧'ਚ ਅਹਮਿਦ ਸ਼ਾਹ ਦੁਰ੍ਹਾਨੀ ਲਾਹੌਰ'ਤੇ ਕਾਬਜ਼ ਸੀ ॥ ਹੇਠਾਂ ਦੁਰ੍ਹਾਨੀ ਦਾ ਹਿਜਰੀ ੧੧੭੮ ਦਾ ਸਿੱਕਾ ਵੇਂਖਿਆ ਜਾ ਸਕਦਾ ਹੈ ॥**




ਅਹਿਮਦ ਸ਼ਾਹ ਅਬਦਾਲੀ(ਦੁਰ੍ਰਾਨੀ) ਦਾ ਲਾਹੌਰ ਦਾ ਹਿਜਰੀ ੧੧੭੮ (ਵਿ: ਸੰ: ੧੮੨੧) ਦਾ ਸਿੱਕਾ ॥

ਸਿੱਖਾਂ ਨੇ ਭੀ ਲਾਹੌਰ ਤੋਂ ਇਸ ਸਾਲ ਆਪਨਾ ਸਿੱਕਾ ਜਾਰੀ ਕੀਤ੍ਰਾ ਸੀ ਜਿਵੇਂ ਕਿ ਅਸੀਂ ਪਹਿਲਾਂ ਹੀ ਦੱਸ ਆਏ ਹਾਂ ॥ ਆਉ ਹੁਨ ਉਸ ਸਿੱਕੇ ਦੀ ਤਸਵੀਰ ਵੇੱਖੀਏ ॥ ਇਸ ਸਿੱਕੇ ਤੇ ਭੀ ਜਾਰੀ ਕਰਨ ਵਾਲੀ ਟਕਸਾਲ ਦਾ ਨਾਉਂ ਫਾਰਸੀ'ਚ ਦਾਰ ਅਲ ਸਲ੍ਹਨਾ ਲਾਹੌਰ ਪੜ੍ਹਿਆ ਜਾ ਸਕਦਾ ਹੈ ॥ ਸਿੱਕੇ ਦੇ ਦੂਜੇ ਪੱਸੇ ਗੋਬਿੰਦਸ਼ਾਹੀ ਇਬਾਰਤ ਪੜ੍ਹੀ ਜਾ ਸਕਦੀ ਹੈ ॥ ਸਭਤੋਂ ਉਤ੍ਰੇ ਗੁਰੂ ਗੋਬਿੰਦ ਪੜ੍ਹਿਆ ਜਾ ਸਕਦਾ ਹੈ ॥ ਇਬਾਰਤਾਂ ਬਾਰੇ ਅਸੀਂ ਅਗ੍ਰੇ ਜਾਕੇ ਤਫਸੀਲ ਨਾਲ ਦੱਸਾਂਗੇ ॥




ਸਿੱਖਾਂ ਦਾ ਵਿ: ਸੰ: ੧੮੨੩ ਦਾ ਲਾਹੌਰ ਦਾ ਸਿੱਕਾ ॥
Image courtesy of Steve Album Rare Coins

ਲਾਹੌਰ ਤੇ ਵਿਃ ਸੰਃ ੧੮੨੩'ਚ ਕੁਝ ਚਿਰ ਵਾਸ੍ਤੇ ਦੁਰ੍ਰਾਨੀ ਦਾ ਮੁੜ ਕਬਜ਼ਾ ਹੋ ਗਇਆ ॥ ਇਸ ਦਾ ਸਬੂਤ ਨੇ ਅਹਮਿਦ ਸ਼ਾਹ ਦੁਰ੍ਰਾਨੀ ਦੇ ਜਾਰੀ ਕੀਤ੍ਰੇ ਹੋਏ ਸਿੱਕੇ ॥ ਇਕ ਨਮੂਨਾ ਹੇਠਾਂ ਹਿਜਰੀ ੧੧੮੦ ਦਾ ਅਹਿਮਦ ਸ਼ਾਹ ਦੁਰ੍ਰਾਨੀ (ਅਬਦਾਲੀ) ਦਾ ਸਿੱਕਾ । ਜੋ ਵਿਃ ਸੰਃ ੧੮੨੩'ਚ ਜਾਰੀ ਕੀਤ੍ਰਾ ਗਇਆ ਸੀ ॥




ਹਿਜਰੀ ੧੧੮੦ ਜਾਂ ਵਿਃ ਸੰਃ ੧੮੨੩ ਦਾ ਅਹਮਿਦ ਸ਼ਾਹ ਦੁਰ੍ਰਾਨੀ ਦਾ ਲਾਹੌਰ ਦਾ ਸਿੱਕਾ

ਸੋ ਇਹ ਗੱਲ ਹੁਣ ਤਾਂ ਸਾਫ ਹੈ ਕਿ ਜ੍ਹਿਧੀ ਪ੍ਰਭੁਤਾ ਹੋਵੇ ਸਿੱਕੇ ਭੀ ਉਹੀ ਜਾਰੀ ਕਰ ਸਕਦਾ ਹੈ । ਕਿਉਂਕਿ ਇਹ ਪ੍ਰਭੁਤਾ ਦੀ ਨਿਸ਼ਾਨੀ ਹੁੰਦੇ ਨੇ ॥

ਜਦੋਂ ਪ੍ਰਭੁਤਾ ਖੁੱਸ ਜਾਵੇ ਤਾਂ ਕੀ ਹੁੰਦਾ ਹੈ ਇਹ ਦੱਸਣ ਦੀ ਲੋੜ ਨਹੀਂ ਪਰ ਇਹ ਅਸੀਂ ਸਿੱਖਾਂ ਦੇ ਆਖਰੀ ਮਹਾਰਾਜੇ ਦਲੀਪ ਸਿੰਘ ਦੀਆਂ ਤਰਵੀਰਾਂ ਤੋਂ ਪਤਾ ਲਗਾ ਹੀ ਸਕਦੇ ਹਾਂ ॥ ਜੋ ਕੰਮ ਸਿੱਖ ਕਦੇ ਨਹੀਂ ਕਰੇਗਾ ਭਾਂਵੇ ਆਪਣੀ ਗਰਦਨ ਕਿਉਂ ਨਾ ਕਟੌਣੀ ਪਵੇ । ਓਹ ਕੰਮ ਕਰਦੇ ਹੋਏ ਸਿੱਖਾਂ ਦੇ ਆਖਰੀ ਮਹਾਰਾਜੇ ਨੂੰ ਹੇਠਾਂ ਤਸਵੀਰ'ਚ ਵੇੱਖਿਆ ਜਾ ਸਕਦਾ ਹੈ ॥ ਇਹ ਕਹਿਣਾ ਕਿ ਮਹਾਰਾਜਾ ਦਲੀਪ ਸਿੰਘ ਨੇ ਮੁੜ ਸਿਖ ਧਰਮ ਅਪਨਾ ਲਇਆ ਸੀ । ਇਹ ਸਿਰਫ ਆਪਣੇ ਆਪ ਨੂੰ ਤਸੱਲੀ ਦੇਣ ਨਾਲੋਂ ਵੱਧ ਕੁਝ ਭੀ ਨਹੀ ਹੈ ॥ ਮਹਾਰਾਜਾ ਦਲੀਪ ਸਿੰਘ ਦੀ ਔਲਾਦ ਨੇ ਫੇਰ ਓਹ ਕੰਮ ਕਿਉਂ ਕੀਤ੍ਰੇ ਜੋ ਸਿੱਖੀ ਵਿਚਾਰਧਾਰਾ ਦੇ ਖਿਲਾਫ ਸੀ ? ਮਹਾਰਾਜਾ ਦਲੀਪ ਸਿੰਘ ਦੀ ਔਲਾਦ ਦੀਆਂ ਤਸਵੀਰਾਂ ਵੇਖਕੇ ਇਹ ਗੱਲਾਂ ਸਾਫ ਹੁੰਦੀਆ ਨੇ ਕਿ ਪ੍ਰਭੁਤਾ ਜਾਣ ਮਗਰੋਂ ਮਹਾਰਾਜੇ ਦੇ ਟੱਬਰ ਦਾ ਸੱਭ ਕੁਝ ਚਲਾ ਗਇਆ ॥ ਦੀਨ । ਧਰਮ । ਰਾਜ । ਪੈਸਾ । ਸੱਭ ਕੁਝ ॥




**ਮਹਾਰਾਜਾ ਦਲੀਪ ਸਿੰਘ ਸਿਗਰੇਟਨੋਸ਼ੀ ਕਰਦੇ ਹੋਏ**

CC BY-NC-ND 3.0 National Portrait Gallery, London



*H. H. Prince Victor Duleep Singh*
*as Akbar.*

ਮਹਾਰਾਜਾ ਦਲੀਪ ਸਿੰਘ ਦਾ ਪੁਤ੍ਰ ਵਿਕ੍ਰਰ ਦਲੀਪ ਸਿੰਘ ਮੁਗਲ ਬਾਦਸ਼ਾਹ ਅਕਬਰ ਬਣਿਆ ਹੋਇਆ

# ਸਿੱਖਾਂ ਦੇ ਸਿੱਕਿਆਂ ਦੀਆਂ ਇਬਾਰਤਾਂ

ਸਿੱਖਾਂ ਨੇ ਆਪਣੇ ਸਿੱਕੇ ਵਿ: ਸੰ: ੧੮੨੨ ਤੋਂ ਲੈਕੇ ਰਾਜ ਖੁਸਣ ਤਾਂਈ ਵਿ: ਸੰ: ੧੯੦੫ ਤਾਂਈ ਲਗਾਤਾਰ ਜਾਰੀ ਕੀਤੇ ॥ ਵੈਸੇ ਕੁਝ'ਕ ਸਿੱਕੇ ਵਿ: ਸੰ: ੧੯੦੬ ਦੇ ਭੀ ਵੇਖਣ'ਚ ਔਂਦੇ ਨੇ ॥ ਬਹੁਤਾ ਸਿਖ ਜਗਤ ਇਹ ਹੀ ਜਾਣਦਾ ਹੈ ਕਿ ਸਿੱਖਾਂ ਦੇ ਸਿੱਕੇ ਮਹਾਰਾਜਾ ਰਣਜੀਤ ਸਿੰਘ ਨੇ ਚਲਾਏ ਸੀ ਜਾਂ ਫੇਰ ਪਿਛਲੇ ਦੋ ਦਹਾਕਿਆਂ'ਤੋਂ ਸਿਖ ਸੰਸਥਾਂਵਾਂ ਨੇ ਇਹ ਬਹੁਤ ਪਰਚਾਰਿਆ ਹੈ ਕਿ ਪਹਿਲੇ ਸਿਖ ਸਿੱਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਚਲਾਏ ॥ ਬਾਬਾ ਬੰਦਾ ਸਿੰਘ ਬਹਾਦਰ ਦੇ ਸਿੱਕਿਆਂ ਦੀ ਗੱਲ ਇਕ ਆਪਣੇ ਆਪ'ਚ ਵੱਡਾ ਵਿਸ਼ਾ ਹੈ ॥

ਸਿੱਖਾਂ ਦੇ ਰੁਪੱਈਆਂ ਅਤੇ ਮੋਹਰਾਂ ਤੇ ਦੋ ਤਰ੍ਹਾਂ ਦੀਆਂ ਇਬਾਰਤਾਂ ਹੁੰਦੀਆਂ ਨੇ ॥ ਇਨ੍ਹਾਂ ਨੂੰ ਗੋਬਿੰਦਸ਼ਾਹੀ ਜਾਂ ਨਾਨਕਸ਼ਾਹੀ ਕਹਿ ਕਿ ਅੱਖਿਆ ਜਾਂਦਾ ਹੈ ॥ ਕੁਝ ਵਿਦਵਾਨਾਂ ਦਾ ਮਨਣਾ ਹੈ । ਜਿਵੇਂ ਕਿ ਗੁਰਪੁਰਵਾਸੀ ਡਾ: ਸੁਰਿੰਦਰ ਸਿੰਘ ਜੀ । ਕਿ ਇਹ ਦੋਂਵੇ ਇਬਾਰਤਾਂ ਨਾਨਕਸ਼ਾਹੀ ਹੀ ਨੇ ਅਤੇ ਸਿੱਕੇ ਭੀ ਨਾਨਕਸ਼ਾਹੀ ॥ ਪਰ ਅਸੀਂ ਡਾ: ਸਾਹਿਬ ਨਾਲ ਇਸ ਗੱਲ ਤੇ ਸਹਿਮਤ ਨਹੀਂ ॥ ਇਹ ਨਾਉਂ ਬਾਜ਼ਾਰਾਂ'ਚ ਚਲਦੇ ਹੋਏ ਸਿੱਕਿਆਂ ਦੇ ਨੇ ॥ ਭਾਵ । ਬਾਜ਼ਾਰਾਂ'ਚ ਇਨ੍ਹਾਂ ਸਿੱਕਿਆਂ ਨੂੰ ਗੋਬਿੰਦਸ਼ਾਹੀ ਜਾਂ ਨਾਨਕਸ਼ਾਹੀ ਕਹਿ ਕੇ ਵਰਤਿਆ ਜਾਂਦਾ ਸੀ ॥ ਇਹ ਸਬੂਤ ਕਈ ਲੇਖਾਂ ਤੋਂ ਮਿਲਦੇ ਨੇ ਜਿਨ੍ਹਾਂ'ਚ ਸਭਤੋਂ ਜ਼ਿਆਦਾ ਮਸ਼ਹੂਰ ਹੈ ਚਾਰਲ੍ਸ ਜੇ ਰੋਜਰ੍ਸ (Charles J Rodgers) ਦਾ ਔਨ ਦ ਕੋਇਨਜ਼ ਔਫ ਦ ਸਿਖ੍ਸ (On the Coins of the Sikhs[੧]) ਦਾ ਲੇਖ ਜੋ ਏਸ਼ਿਐਟਿਕ ਸੋਸਾਈਟੀ ਔਫ ਬੈਂਗੌਲ ਦੀ ਜਿਲ੍ਹ ੫੦ ਦੇ ਪਹਿਲੇ ਹਿੱਸੇ'ਚ ੧੮੮੧ ਈਸਵੀ'ਚ ਛੱਪਿਆ ਸੀ ॥ ਇਸਦੇ ਇਲਾਵਾ ਏਸ਼ਿਐਟਿਕ ਸੋਸਾਈਟੀ ਔਫ ਬੈਂਗੌਲ ਦੀ ਜਿਲ੍ਹ ੩੩'ਚ[੨] ਭੀ ਪੰਜਾਬ ਦੇ ਗੁਜਰਾਤ ਜਿਲੇ ਦੇ ਬਜਾਰਾਂ'ਚ ਸਿੱਖ ਰਾਜ ਦੇ ਖੁੱਸਣ ਦੇ ਦੱਸ ਵਰ੍ਹਿਆਂ ਮਗਰੋਂ ਸਿੱਖਾਂ ਅਤੇ ਬਾਕੀ ਸਿੱਕਿਆਂ ਬਾਰੇ ਜੋ ਬਜ਼ਾਰਾਂ'ਚ ਚਲਦੇ ਸੀ । ਬਾਰੇ ਲਿਖਿਆ ਮਿਲਦਾ ਹੈ ॥ ਸੋ ਇਨ੍ਹਾਂ ਲੇਖਾਂ ਤੋਂ ਇਹ ਸਾਬਿਤ ਹੁੰਦਾ ਹੈ ਕਿ ਸਿੱਖਾਂ ਦੇ ਸਿੱਕਿਆਂ'ਤੇ ਦੋ ਤਰ੍ਹਾਂ ਦੀਆਂ ਇਬਾਰਤਾਂ ਹੁੰਦੀਆਂ ਸੀ । ਗੋਬਿੰਦਸ਼ਾਹੀ ਅਤੇ ਨਾਨਕਸ਼ਾਹੀ ॥ ਅਤੇ ਇਨ੍ਹਾਂ ਇਬਾਰਤਾਂ ਕਰਕੇ ਹੀ ਸਿੱਕਿਆਂ ਨੂੰ ਭੀ ਗੋਬਿੰਦਸ਼ਾਹੀ ਜਾਂ ਨਾਨਕਸ਼ਾਹੀ ਅੱਖਿਆ ਜਾਂਦਾ ਸੀ ॥ ਇਸ ਗੱਲ ਨਾਲ ਤੇ ਡਾ: ਸੁਰਿੰਦਰ ਸਿੰਘ ਜੀ ਭੀ ਇਤ੍ਫਾਕ ਰੱਖਦੇ ਸੀ[੩]॥

ਸਿੱਖ ਸਿੱਕਿਆ ਦੇ ਮਾਹਿਰ ਹਾਂਸ਼ ਹਰਲੀ ਨੇ ਆਪਣੀ ਕਿਤਾਬ "ਦ ਕੋਇਨਜ਼ ਔਫ ਦ ਸਿਖ੍ਸ" 'ਚ ਇਨ੍ਹਾਂ ਇਬਾਰਤਾਂ ਬਾਰੇ ਤਫਸੀਲ ਨਾਲ ਲਿਖਿਆ ਹੈ ॥ ਅਸੀਂ ਓਨ੍ਹਾਂ ਦੇ ਕੀਤ੍ਰੇ ਇਸ ਕੰਮ ਦੇ ਸ਼ੁਕਰਗੁਜ਼ਾਰ ਹਾਂ ਪਰ ਅਸੀਂ ਓਨ੍ਹਾਂ ਦੀ ਵਰਤੀ ਤਕਨੀਕ ਨਹੀਂ ਇਸ੍ਤੁਮਾਲ ਕੀਤ੍ਰੀ ਅਤੇ ਇਬਾਰਤਾਂ ਦੀ ਇਕ ਨਵੀਂ ਜਮਾਤ (classification) ਤਿਆਰ ਕੀਤ੍ਰੀ ਹੈ ॥ ਇਸ ਕਿਤਾਬ'ਚ ਅਸੀਂ ਇਸ ਨਵੀਂ ਇਬਾਰਤੀ ਜਮਾਤ ਦੀ ਵਰਤੋਂ ਹੀ ਕਰਾਂਗੇ ॥

ਸਿੱਖਾਂ ਦੇ ਸਭਤੋਂ ਪਹਿਲੇ ਸਿੱਕੇ ਜੋ ਲਾਹੌਰ ਦਰਬਾਰ ਤੋਂ ਦਲ ਖਾਲਸਾ ਦੀ ਅਗਵਾਈ ਹੇਠ ਜਾਰੀ ਹੋਏ ਸੀ । ਅਤੇ ਕਈ ਵਿਦਵਾਨ ਇਨ੍ਹਾਂ ਨੂੰ ਭੰਗੀ ਮਿਸਲ ਦੇ ਜਾਰੀ ਕੀਤ੍ਰੇ ਸਿੱਕੇ ਭੀ ਆਖਦੇ ਨੇ । ਤੇ ਗੋਬਿੰਦਸ਼ਾਹੀ ਇਬਾਰਤ ਮਿਲਦੀ ਹੈ ॥ ਇਹ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਹੁਕਮਨਾਮਿਆਂ ਤੇ ਜੋ ਮੋਹਰ ਵੇਖਣ ਨੂੰ ਮਿਲਦੀ ਹੈ । ਤੋਂ ਨਕਲ ਕੀਤ੍ਰੀ ਗਈ ਸੀ ॥ ਫਾਰਸੀ ਸੱਜਿਓਂ ਖੱਬੇ ਨੂੰ ਪੜ੍ਹੀ ਜਾਂਦੀ ਹੈ ਸੋ ਇਸ ਇਬਾਰਤ ਨੂੰ ਅਸੀਂ ਸੱਜਿਓਂ ਖੱਬੇ ਨੂੰ ਹੀ ਪੜ੍ਹਨਾ ਹੈ ॥

ਸਿਖਾਂ ਦੇ ਸਿੱਕਿਆਂ'ਤੇ ਪਹਿਲੀ ਵਾਰ ਇਹ ਵੇਖਣ ਨੂੰ ਮਿਲਿਆ ਕਿ ਓਨ੍ਹਾਂ ਨੇ ਜਿਵੇਂ ਕੀ ਆਮ ਹੁੰਦਾ ਹੈ। ਜਾਰੀ ਕਰਣ ਵਾਲੇ ਰਾਜੇ ਜਾਂ ਸਰਦਾਰ ਦਾ ਨਾਉਂ ਸਿੱਕਿਆਂ'ਤੇ ਨਹੀਂ ਲਿਖਿਆ ॥ ਅੱਜ ਦੇ ਦੌਰ'ਚ ਅਮੈਰੀਕਾ ਦੀ ਕਰੰਸੀ ਤੇ "In God We Trust"[੪] ਲਿਖਿਆ ਮਿਲਦਾ ਹੈ ਇਹ ਸਭਤੋਂ ਪਹਿਲਾਂ ੧੮੬੪ ਈਸਵੀ'ਚ ੨ ਸੈਂਟ ਦੇ ਸਿੱਕੇ'ਤੇ ਜਿਨ੍ਹਾਂ ਨੂੰ ਫਿਲੈਡੈਲਫੀਆ ਟਕਸਾਲ'ਚ ਘੜ੍ਹਿਆ ਗਇਆ ਸੀ। ਵੇਖਣ ਨੂੰ ਮਿਲਿਆ ਸੀ ॥ ੧੯੫੪ ਈਸਵੀ ਤੋਂ ਇਹ ਅਮੈਰਿਕਾ ਦੇ ਪੇਪਰ ਨੋਟਾਂ ਤੇ ਭੀ ਲਿਖਣਾ ਸ਼ੁਰੂ ਹੋ ਗਇਆ ॥ ਇਨ੍ਹਾਂ ਨੂੰ ਅਮੈਰੀਕਾ'ਚ "ਡੌਲਰ ਬਿਲ" ਕਹਿੰਦੇ ਨੇ ॥




ਸਿੱਖਾਂ ਦੇ ਤਾਂਬੇ ਦੇ ਸਿੱਕਿਆਂ'ਤੇ ਜਿੜ੍ਹੇ ਪੈਸੇ ਫਲੂਸ ਜਾ ਧੇੱਲੇ ਹੁੰਦੇ ਨੇ'ਤੇ ਭੀ ਕਈ ਤਰ੍ਹਾਂ ਦੀਆ ਇਬਾਰਤਾਂ ਹੁੰਦੀਆਂ ਨੇ ॥ ਇਨ੍ਹਾਂ'ਚ ਫਾਰਸੀ ਵਾਲੀ ਇਵਾਰਤ ਤਾਂ ਗੋਬਿੰਦਸ਼ਾਹੀ ਇਬਾਰਤ ਹੀ ਹੁੰਦੀ ਹੈ ॥ ਅਤੇ ਗੁਰਮੁਖੀ ਦੀ ਇਬਾਰਤ ਜੋ ਸ੍ਰੀ ਅਮ੍ਰਿਤਸਰ ਟਕਸਾਲ ਦੇ ਸਿੱਕਿਆਂ'ਤੇ ਲੱਭਦੀ ਹੈ ਓਹ ਹੈ "ਅਕਾਲ ਸਹਾਇ ਗੁਰੂ ਨਾਨਕ ਜੀ" ਕੁਝ ਸਿੱਕਿਆਂ'ਤੇ "ਬਾਬਾ ਨਾਨਕ ਜੀ ਸਹਾਇ" ਭੀ ਘੜ੍ਹਿਆ ਮਿਲਦਾ ਹੈ ॥ ਇਸਦੀ ਤਫਸੀਲ ਅਸੀਂ ਅਗ੍ਹੇ ਜਾਕੇ ਦੇਵਾਂਗੇ ॥

## ਗੋਬਿੰਦਸ਼ਾਹੀ ਇਬਾਰਤ ਲਾਹੌਰੀ(GSL.LHR)

ਇਹ ਇਬਾਰਤ ਲਾਹੌਰ ਦੇ ਸਿੱਕਿਆਂ'ਤੇ ਲੱਭਦੀ ਹੈ ਸੋ ਇਸਨੂੰ ਅਸੀਂ ਗੋਬਿੰਦਸ਼ਾਹੀ ਇਬਾਰਤ ਲਾਹੌਰੀ ਜਾਂ GSL.LHR ਦਾ ਨਾਉਂ ਦਿਤ੍ਤਾ ਹੈ ॥ ਇਹ ਇਬਾਰਤ ਲਾਹੌਰ ਦੇ ਵਿ: ਸੰ: ੧੮੨੨ ਅਤੇ ਵਿ: ਸੰ: ੧੮੨੩ ਦੇ ਸਿੱਕਿਆਂ'ਤੇ ਹੀ ਮਿਲਦੀ ਹੈ ॥

دیگ تغو فتح نصرت بدرنگ

ਕਨ ਰ ਦਬ ਤ ਰਸਨ ਹਤਫ ਓਘਤ ਕਯ ਦ

ਗਰੰਦਬੇ ਤਰਸਨੁ ਹਿਤਫ ਗੋਤੇ ਗਦੇ

(ਸੱਜਿਓਂ ਖੱਬੇ ਨੂੰ ਪੜ੍ਹਨਾ ਹੈ)

یافت ازنانک گورو گوبند سنگه

ਹਕਨਸ ਦਨਬ ਕੋ ਵ ਰ ਕੋਕਨ ਨਾ ਜ਼ ਅ ਤਫ ਯਾ

ਘਸਿੰ ਦਬਿੰਗੋ ਰੂਗੁ

(ਸੱਜਿਓਂ ਖੱਬੇ ਨੂੰ ਪੜ੍ਹਨਾ ਹੈ)

ਇਸਨੂੰ ਅਸੀਂ ਸਮਝੌਣ ਵਾਸ੍ਤੇ ਫਾਰਸੀ ਦੀ ਤਰਜ਼'ਚ ਉੱਪਰ ਸੱਜਿਉਂ ਖੱਬੇ ਨੂੰ ਲਿਖਿਆ ਹੈ ॥ ਸੋ ਇਸਨੂੰ ਠੀਕ ਤਰ੍ਹਾਂ ਇੰਝ ਪੜ੍ਹਾਂਗੇ ॥

ਦੇਗ ਤੇਗੋ ਫਤਹਿ ਨੁਸਰਤ[੫] ਬੇਦਰੰਗ[੬]

ਯਾਫਤ[੭] ਅਜ਼[੮] ਨਾਨਕ ਗੁਰੂ ਗੋਬਿੰਦ ਸਿੰਘ

ਇਸਦਾ ਮਤਲਬ ਹੁੰਦਾ ਹੈ ਕਿ ਬਰਕਤ(ਦੇਗ) ਤਾਕਤ(ਤੇਗ) ਫਤਹਿ ਅਤੇ ਰਿਜਕ(ਯਾਫਤ) ਯਕਦਮ ਬਿਨਾ ਦੇਰੀ(ਬੇਦਰੰਗ) ਦੇ ਗੁਰੂ ਗੋਬਿੰਦ ਸਿੰਘ ਜੀ। ਜੋ ਨਾਨਕ ਹਨ। ਦੇ(ਅਜ਼) ਸਦਕਿਆਂ(ਨੁਸਰਤ) ਹਾਸਲ ਹੁੰਦੀ ਹੈ॥

ਇਹ ਇਸ ਇਬਾਰਤ ਦੇ ਭਾਵਅ੍ਰਥ ਨੇ। ਸ਼ਬਦਾਰਥ ਅਖੀਰ'ਚ ਟਿੱਪਣੀਆਂ ਹੇਠ ਦਿਤ੍ਰੇ ਗਏ ਨੇ॥ ਇਹ ਇਬਾਰਤਾਂ ਸ਼ਿਕਸ੍ਤਾ[੯] ਫਾਰਸੀ'ਚ ਲਿਖੀਆਂ ਹੋਈਆਂ ਮਿਲਦੀਆਂ ਨੇ॥ ਅਤੇ ਲਿਪੀ ਹੈ ਨਸ੍ਤਲੀਕ॥ ਸ਼ਿਕਸ੍ਤਾ ਦਾ ਲਫਜ਼ੀ ਮਤਲਬ ਹੁੰਦਾ ਹੈ ਟੁੱਟ੍ਰੇ ਹੋਏ ਹੱਥੀਂ ਲਿਖਿਆ ਹੋਇਆ। ਯਾਨੀ ਕਿ ਲਿਖਣ ਵਕਤ ਕਈ ਅੱਖਰ ਅਤੇ ਬਿੰਦੀਆਂ ਟਿੱਪੀਆਂ ਜਿਨ੍ਹਾਂ ਨੂੰ ਨੁਕਤੇ ਕਹਿੰਦੇ ਨੇ। ਛੱਡ ਦਿਤ੍ਰੇ ਜਾਂਦੇ ਨੇ। ਮਾਤ੍ਰਾਂਵਾਂ ਭੀ ਲਿਖੀਆਂ ਨਹੀਂ ਜਾਂਦੀਆਂ॥ ਇਸਦੀ ਵਜ੍ਹਾ ਨਾਲ ਇਨ੍ਹਾਂ ਇਬਾਰਤਾਂ ਨੂੰ ਪੜ੍ਹਨਾ ਹੋਰ ਭੀ ਮੁਸ਼ਕਿਲ ਹੋ ਜਾਂਦਾ ਹੈ॥ ਵਣਜੀ ਅਤੇ ਕਾਰੋਬਾਰੀ ਦਸਤਾਵੇਜ਼ ਸ਼ਿਕਸ੍ਤਾ'ਚ ਹੀ ਲਿਖੇ ਜਾਂਦੇ ਸੀ॥ ਸਿੱਕਿਆਂ'ਤੇ ਭੀ ਇਸੇ ਹੀ ਵਜ੍ਹਾ ਕਰਕੇ ਸ਼ਿਕਸ੍ਤਾ ਇਸ੍ਤਮਾਲ ਹੁੰਦੀ ਸੀ॥ ਜਿਵੇਂ ਕਿ ਅਸੀਂ ਉੱਪਰ ਇਬਾਰਤ ਸਮਝਾਉਣ ਦੀ ਕੋਸ਼ਿਸ਼ ਕੀਤ੍ਰੀ ਹੈ। ਅਸਲ'ਚ ਗੁਰੂ ਨੂੰ ਹਮੇਸ਼ਾ ਹੀ ਨਸ੍ਤਲੀਕ'ਚ ਗੌਰੂ ਲਿਖਿਆ ਗਇਆ ਹੈ॥ ਅਤੇ ਸ਼ਿਕਸ੍ਤਾ'ਚ ਗੋਰੂ ਦੇ ਬਜਾਏ ਕੋਰੂ ਜਾਂ ਲੋਰੂ ਲਿਖਿਆ ਜਾਂਦਾ ਹੈ॥ ਨਸ੍ਤਲੀਕ ਲਿਪੀ ਦਾ ਨਾਉਂ ਹੈ ਜਿਸਦੇ'ਚ ਫਾਰਸੀ ਅਰਬੀ ਉਰ੍ਦੂ ਪਸ਼ਤੋ ਦਾਰੀ ਅਤੇ ਹੋਰ ਇਸ ਜਮਾਤ ਦੀਆਂ ਬੋੱਲੀਆ ਲਿਖੀਆਂ ਜਾਂਦੀਆਂ ਨੇ॥ ਲਹਿੰਦੇ ਪੰਜਾਬ'ਚ ਪੰਜਾਬੀ ਭੀ ਨਸ੍ਤਲੀਕ'ਚ ਲਿਖੀ ਜਾਂਦੀ ਹੈ॥ ਗੋਰੂ ਫਾਰਸੀ'ਚ ਜਿਸ ਤਰ੍ਹਾਂ ਲਿਖਿਆ ਜਾਂਦਾ ਹੈ ਉਸਦੀ ਇਕ ਮਿਸਾਲ ਹੇਠਾਂ ਦਿਤ੍ਰੀ ਗਈ ਹੈ॥

گورو ਇਹ ਗੋਰੂ ਹੈ ਪਰ ਜੋ ਸਿੱਕਿਆਂ ਦੀ ਇਬਾਰਤ ਤੇ ਲਿਖਿਆ ਹੁੰਦਾ ਹੈ ਓਹ ਹੈ کورو ਇ੍ਹਧੇ'ਚ ਫਰਕ ਥੋੜ੍ਹਾ ਹੀ ਹੈ گ ਦੇ ਉੱਪਰ ਵਾਲੀ ਲਕੀਰ ਲਿਖਣ ਵੇਲੇ ਛੱਡ ਦਿਤ੍ਰੀ ਜਾਂਦੀ ਹੈ[੧੦] ਪਰ ਜੇ ਨਹੀਂ ਪਤਾ ਤਾਂ ਇਸਨੂੰ ਇਕ ਸ਼ਿਕਸ੍ਤਾ ਫਾਰਸੀ ਨਾ ਜਾਨਣ ਵਾਲਾ ਕੋਰੂ ਹੀ ਪੜ੍ਹੂ॥ ਜਦਕਿ ਇਸਨੂੰ ਪੜ੍ਹਨਾ "ਗੁਰੂ" ਹੈ॥ ਇੱਸੇ ਤਰ੍ਹਾਂ ਜੋ ਤੇਗੋ ਹੈ ਓਹ ਫਾਰਸੀ'ਚ ਇਸ ਤਰ੍ਹਾਂ ਹੋਵੇਗਾ تگو ਪਰ ਜੋ ਸਿੱਕਿਆਂ'ਤੇ ਲਿਖਿਆ ਮਿਲਦਾ ਹੈ ਓਹ ਹੈ تغو ਜੋ ਕਿ ਦਰਅਸਲ'ਚ ਤਘਵ ਹੈ ਪਰ ਅਸੀਂ ਇਸਨੂੰ ਤੇਗੋ ਹੀ ਪੜ੍ਹਾਂਗੇ॥ ਹੇਠਲੀ ਤਸਵੀਰ'ਚ ਇਹ ਇਕ ਖਾਸ ਸਿੱਕਾ ਹੈ ਅਤੇ ਇ੍ਹਧੇ ਤੇ ਫਤਹ ਫਤਹ੍ਰ ਕਰਕੇ ਲਿਖਿਆ ਹੋਇਆ ਹੈ॥ ਆਮ ਸਿੱਕਿਆਂ'ਤੇ فتح ਲਿਖਿਆ ਹੁੰਦਾ ਹੈ ਪਰ ਇ੍ਹਧੇ ਤੇ فتحہ ਲਿਖਿਆ ਹੋਇਆ ਹੈ॥ ਆਮ ਸਿੱਕਿਆਂ'ਤੇ ہ ਦੀ ਜਗ੍ਹਾ ਲਹੌਰ ਟਕਸਾਲ ਦਾ ਨਿਸ਼ਾਨ ਬਣਿਆ ਹੁੰਦਾ ਹੈ ਜੋ ਇਸ ਸਿੱਕੇ ਤੇ ਬੇਦਰੰਗ ਅਤੇ ਯਾਫਤ ਲਫਜ਼ਾਂ ਦੇ ਵਿਚਕਾਰ ਇਕ ਫੁੱਲ ਨੁਮਾ ਨਿਸ਼ਾਨ ਹੈ ਅਤੇ ਨਾਨਕ ਦੇ "ک" ਦੀ ਵੱਡੀ ਲੰਮੀ ਲਕੀਰ ਹੇਠਾਂ ਹੈ॥ ਜੇ ਕਿਸੇ ਲਫਜ਼ ਦੇ

ਅਖੀਰ'ਚ ہ ਆਵੇ ਤਾਂ ਫੇਰ ਓਹ "ਹ" ਦੀ ਅਵਾਜ਼ ਦੇ ਬਜਾਏ "ਆ" ਦੀ ਅਵਾਜ਼ ਕੱਢਦਾ ਹੈ [11] ॥ ਸੋ ہ فتح ਨੂੰ ਅਸੀਂ ਫਤਹਾ ਪੜ੍ਹਾਂਗੇ ॥ ਇਹ ਸ਼ਾਇਦ ਲਾਹੌਰ ਤੋਂ ਜਾਰੀ ਹੋਏ ਸਿੱਖਾਂ ਦੇ ਪਹਿਲਿਆਂ ਸਿੱਕਿਆਂ'ਚੋਂ ਇਕ ਹੈ ॥ ਇਸਦੀ ਵਜ੍ਹਾ ਹੋ ਸਕਦੀ ਹੈ ਕਿ ਇਬਾਰਤ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਹੁਕਮਨਾਮੇ ਤੋਂ ਹੂ ਬ ਹੂ ਨਕਲ ਕੀਤ੍ਰੀ ਗਈ ਹੋਵੇ[12] ॥




ਜਿਵੇਂ ਕਿ ਇਸ ਸਿੱਕੇ ਦੀ ਤਸਵੀਰ ਤੋਂ ਵੇਖਿਆ ਜਾ ਸਕਦਾ ਹੈ ਕਿ ਇਬਾਰਤ ਪੂਰੀ ਤਰ੍ਹਾਂ ਸਿੱਕੇ ਤੇ ਨਹੀਂ ਹੈ ॥ ਇ੍ਹਧੀ ਵਜ੍ਹਾ ਹੈ ਕਿ ਠੱਪੇ ਜਾਂ ਡਾਈ ਦਾ ਸਿੱਕੇ ਤੋਂ ਵੱਡਾ ਹੋਣਾ ॥ ਇਸ ਤਸਵੀਰ ਤੋਂ ਵੇਖਿਆ ਜਾ ਸਕਦਾ ਹੈ ਕਿ ਇਬਾਰਤ ਹੇਠਿਓਂ ਉਤ੍ਹੇ ਨੂੰ ਅਤੇ ਸੱਜਿਉਂ ਖੱਬੇ ਨੂੰ ਜਾਂਦੀ ਹੈ ॥

ਸਿੱਕੇ ਦੇ ਦੂਜੇ ਪੱਸੇ ਜਾਂ ਰਿਵਰ੍ਸ ਤੇ ਹੇਠਿਉਂ ਲਿਖਿਆ ਹੈ:

جلوس میمنت مانوس

ਸ ਵਨ ਮਾ   ਤਨਮਯਮ   ਸ ਵਲਜ

ਸਨੂਮਾ   ਤਨਮਮੈ   ਸਲੂਜ

(ਸੱਜਿਓਂ ਖੱਬੇ ਨੂੰ ਪੜ੍ਹਨਾ ਹੈ)

ضرب سمبت ۱۸۲۲

੧੮੨੨   ਤਬਮਸ   ਬ ਰਜ਼

ਤਬਸੰ   ਬਰਜ਼

ਹਿੰਦਸੇ ਗੁਰਮੁਖੀ ਵਾਂਙ ਖੱਬਿਓਂ ਸੱਜੇ ਨੂੰ ਹੀ ਪੜ੍ਹੇ ਜਾਂਦੇ ਨੇ ॥

دار السلطنه لاهور

ਰ ਵਹ ਲਾ   ਨ੍ਹਲੁਸ ਲ   ਅ   ਰ ਅ ਦ

ਰਹੌਲਾ   ਨ੍ਹਲੁਸ੍ਸ ਅ   ਰਦਾ

ਸੋ ਇਸਨੂੰ ਜੇ ਹੇਠਿਓਂ ਉਤ੍ਰੇ ਨੂੰ ਪੜ੍ਹੀਏ ਅਤੇ ਸੱਜਿਉਂ ਖੱਬੇ ਨੂੰ ਪੜ੍ਹਈਏ ਤਾਂ ਇੰਝ ਪੜ੍ਹਾਂਗੇ ॥

# ਜਲੂਸ ਮੈਮਨਤ ਮਾਨੂਸ ਸੰਬਤ ੧੯੨੨

# ਜ਼ਰਬ ਦਾਰ ਅ(ਲ) ਸ੍ਸਲ੍ਹਨਤ ਲਾਹੌਰ

ਇਸਦਾ ਮਤਲਬ ਹੁੰਦਾ ਹੈ ਕਿ ਇਹ ਸਿੱਕਾ ਵਿਕ੍ਰਮ ਸੰਮਤ ੧੯੨੨'ਚ ਪਵਿਤ੍ਰ ਅਤੇ ਕਿਰਪਾ ਦੀ ਛਾਂ ਲਾਹੌਰ ਸਲ੍ਹਨਤ ਤੋਂ ਜਾਰੀ ਹੋਇਆ ॥ ਜਲੂਸ ਲਫਜ਼ ਦਾ ਮਤਲਬ ਹੁੰਦਾ ਹੈ ਰਾਜ ॥ ਆਮ ਤੌਰ ਤੇ ਮੁਗਲ ਸਿੱਕਿਆਂ'ਤੇ ਜਲੂਸ ਦੇ ਨਾਲ ਰਾਜ ਕਰਨ ਦਾ ਵਰ੍ਹਾ ਲਿਖਿਆ ਮਿਲਦਾ ਹੈ ॥ ਇਸਨੂੰ ਅੰਗ੍ਰੇਜੀ'ਚ regnal year ਕਹਿੰਦੇ ਨੇ[੧੩] ॥ ਮੈਮਨਤ ਮਾਨੂਸ ਦਾ ਮਤਲਬ ਹੁੰਦਾ ਹੈ ਅਮਨ ਅਤੇ ਤਰੱਕੀ[੧੪] ॥ ਜਰਬ ਦਾ ਮਤਲਬ ਹੁੰਦਾ ਹੈ ਘੜ੍ਹਨਾ ਜਾਂ ਠੋਕਨਾ ਜਾਂ ਟਕਸਾਲ[੧੫] ॥ ਚੇਤ੍ਰਾ ਰਹੇ ਕਿ ਹਿੰਦਸੇ ਫਾਰਸੀ'ਚ ਭੀ ਪੰਜਾਬੀ ਵਾਂਙੁ (ਗੁਰਮੁਖੀ ਲਿਪੀ ਵਾਂਙੁ) ਖੱਬਿਓਂ ਸੱਜੇ ਨੂੰ ਹੀ ਪੜ੍ਹੇ ਜਾਂਦੇ ਨੇ ॥ ਅੰਗਰੇਜੀ'ਚ ਭੀ ਜੋ ਆਮ ਹਿੰਦਸੇ ਇਸ੍ਤੁਮਾਲ ਹੁੰਦੇ ਨੇ ਓਨ੍ਹਾਂ ਨੂੰ Arabic Numerals(1, 2, 3, ...0) ਜਾਂ ਅਰਬੀ ਹਿੰਦਸੇ ਕਹਿੰਦੇ ਨੇ। ਇਹ ਖੱਬਿਓਂ ਸੱਜੇ ਨੂੰ ਪੜ੍ਹੇ ਜਾਂਦੇ ਨੇ ਨਾਂ ਕਿ ਸੱਜਿਉਂ ਖੱਬੇ ਨੂੰ ਫਾਰਸੀ ਵਾਂਙ ॥ ਇ੍ਹਧੀ ਵਜ੍ਹਾ ਇਹ ਹੈ ਕਿ ਇਹ ਅਰਬੀਆਂ ਨੇ ਹਿੰਦੁਸ੍ਤਾਨ ਤੋ ਲਯੇ ਇਸਲਈ ਇਨ੍ਹਾਂ ਨੂੰ ਹਿੰਦਸੇ ਕਹਿੰਦੇ ਨੇ ॥

ਫਾਰਸੀ ਅਤੇ ਅਰਬੀ'ਚ ਜੇ "ਅਲ" ਲਫਜ਼ ਦੂਜੇ ਲਫਜ਼ਾਂ ਦੇ ਵਿਚਕਾਰ ਆਵੇ ਤਾਂ "ਲ" ਬੋੱਲਿਆ ਨਹੀਂ ਜਾਂਦਾ ਅਤੇ ਇਸਦੇ ਮਗਰ ਜੇ ਕੋਈ ਸੂਰਜੀ ਅੱਖਰ(ਫਾਰਸੀ ਦਾ) ਆਵੇ ਜਿਵੇਂ ਪ । ਸ । ਸ਼ । ਦ । ਜ਼ ਵਗੈਰ੍ਹਾ ਤਾਂ ਇਹ ਅੱਖਰ ਦੋਹਰੇ ਹੋ ਜਾਂਦੇ ਨੇ ਜਿਵੇਂ ਕਿ ਗੁਰਮੁਖੀ'ਚ ਅੱਧਕ ਲਾਇਆ ਹੋਵੇ ॥ ਸੋ ਇਸਨੂੰ ਦਾਰ ਅਸ੍ਸਲ੍ਹਨਤ ਲਾਹੌਰ ਪੜਨਾ ਹੈ[੧੬] ॥ ਇੱਥੇ ਪਹਿਲਾ ਸੱਸਾ ਅੱਧਾ ਹੈ ਭਾਂਵੇ "ਲ" ਲਿਖਣ'ਚ ਇਕ ਹੀ ਹੈ ॥

ਇਹ ਇਬਾਰਤ ਪਹਿਲਾਂ ਮੁਗਲਾਂ ਦੇ ਸਿੱਕਿਆਂ'ਤੇ ਫੇਰ ਅਹਮਿਦ ਸ਼ਾਹ ਅਬਦਾਲੀ ਦੇ ਸਿੱਕਿਆਂ'ਤੇ ਭੀ ਵੇਖਣ ਨੂੰ ਮਿਲੀ ਅਤੇ ਸਿੱਖਾਂ ਨੇਂ ਭੀ ਇਸਨੂੰ ਜਾਰੀ ਰੱਖਿਆ ॥ ਫਰਕ ਸਿਰਫ ਇਨ੍ਹਾ ਹੀ ਸੀ ਕਿ ਹਿਜਰੀ ਵਰ੍ਹੇ ਦੀ ਜਗ੍ਹਾ ਵਿਕ੍ਰਮ ਸੰਮਤ ਵਰ੍ਹਾ ਇਸ੍ਤੁਮਾਲ ਕੀਤ੍ਰਾ ਅਤੇ ਜਲੂਸ ਵਰ੍ਹਾ ਸਿੱਕਿਆਂ'ਤੇ ਕਦੇ ਭੀ ਘੜ੍ਹਿਆ ਨਹੀਂ ਗਇਆ ॥ ਆਉ ਹੁਣ ਇਸ ਇਬਾਰਤ ਨੂੰ ਸਿੱਕੇ ਤੇ ਵੇਂਖੀਏ ॥


ਰ
ਹਵ
ਅ
ਅਦ
ਰ
ਜ਼ਰ
ਬ
੧
੮
੨੨
ਮਾ
ਸ
ਨਵ
ਸ
ਸਮਬਤ

## ਗੋਬਿੰਦਸ਼ਾਹੀ ਇਬਾਰਤ ਕਸ਼ਮੀਰੀ(GSL.KMR)

ਇਹ ਇਬਾਰਤ ਕਸ਼ਮੀਰ ਦੇ ਸਿੱਕਿਆਂ'ਤੇ ਲੱਭਦੀ ਹੈ ਸੋ ਇਸਨੂੰ ਅਸੀਂ GSL.KMR ਦਾ ਨਾਉਂ ਦਿਤ੍ਤਾ ਹੈ ॥

دیگ و تیغ و فتح و نصرت بدرنگ

ਕਨ ਰਦਬ ਤਰਸਨ ਵ ਹਤਫ ਵ ਘਤ ਵ ਕਯ ਦ

ਗਰਿੰਦਬੇ ਤਰਸਨੁ ਹੇਤਫ ਗੋਤੇ ਗੋਦੇ

ਪਹਿਲਾਂ ਵਾਂਙ ਇਸਨੂੰ ਭੀ ਸੱਜਿਓਂ ਖੱਬੇ ਨੂੰ ਪੜ੍ਹਨਾ ਹੈ ॥

یافت از نانک لورو لوبند سنکه

ਹਕਨਸ ਦਨਬ ਲੋ ਵ ਰ ਵਲ ਕਨ ਨਾ ਜ਼ ਅ ਤਫ ਯਾ

ਘਸਿੰ ਦਬਿੰਗੋ ਰੂਗੁ

ਸੋ ਇਸਨੂੰ ਇੰਞ ਪੜ੍ਹਾਂਗੇ:

ਦੇਗ ਓ[੧੨] ਤੇਗ ਓ ਫਤ੍ਹ ਓ ਨੁਸਰਤ ਬੇਦਰੰਗ

ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ

ਆਓ ਹੁਣ ਇਹ ਇਬਾਰਤ ਸਿੱਕੇ ਤੇ ਵੇੱਖੀਏ ॥




ਕਸ਼ਮੀਰ ਦੇ ਸਿੱਕਿਆਂ'ਤੇ ਦੇਗ ੳ ਤੇਗ ੳ ਫਤ੍ਹ ੳ ਤੇ ਸਭਤੋਂ ਉੱਪਰ ਹੁੰਦਾ ਹੈ ਪਰ ਬਾਕੀ ਦੀ ਇਬਾਰਤ ਹੇਠਿਉਂ ਉਤ੍ਹੇ ਨੂੰ ਜਾਂਦੀ ਹੈ ॥ ਫਾਰਸੀ ਦਾ و ਵ ਅਤੇ ੳ ਦੀ ਜਗ੍ਹਾ ਵਰਤੋਂ ਹੁੰਦਾ ਹੈ । ਸੋ ਇਸ ਇਬਾਰਤ'ਚ و ਨੂੰ "ੳ" ਪੜ੍ਹਨਾ ਹੈ ॥ ਇਸ ਸਿੱਕੇ ਤੇ ਮੁਖ ਨਿਸ਼ਾਨ ਤਲਵਾਰ ਵਿਚ ਚੱਕਰ ਹੈ ॥ ਇਹ ਨਿਸ਼ਾਨ ਕਰਨੈਲ ਮਹਾਂ ਸਿੰਘ ਦਾ ਹੈ । ਜਿਸਦੀ ਸੂਬੇਦਾਰੀ'ਚ ਇਹ ਸਿੱਕਾ ਜਾਰੀ ਹੋਇਆ ਸੀ ॥




ਸਿੱਕੇ ਦੇ ਦੂਜੇ ਪੱਸੇ ਤਾਰੀਖ ਹੈ ਅਤੇ "ਸ੍ਰੀ ਅਕਾਲ ਪੁ" ਪੜ੍ਹਿਆ ਜਾ ਸਕਦਾ ਹੈ ॥ ਨਾਲ ਹੀ ਪਤ੍ਤਾ ਜੋ ਜਿਆਦਾਤਰ ਸਿੱਖ ਸਿੱਕਿਆਂ'ਤੇ ਵੇਖਣ ਨੂੰ ਮਿਲਦਾ ਹੈ। ਇਸ ਸਿੱਕੇ ਤੇ ਭੀ ਬਣਿਆ ਹੋਇਆ ਹੈ ॥ ਸਿੱਕਾ ਘੜ੍ਹਨ ਦੀ ਤਾਰੀਖ ਦਾ ਕੁਝ ਹਿੱਸਾ ਹੀ ਵੇਖਿਆ ਜਾ ਸਕਦਾ ਹੈ ॥ ਤਾਰੀਖ ਸ਼ਾਇਦ ੧੮੯੧ ਹੋ ਸਕਦੀ ਹੈ। ਇਸਦੀ ਵਜ੍ਹਾ ਹੈ ਪੱਤੇ ਦੀ ਸ਼ਕਲ। ਜੋ ਆਮ ਕਰਨੈਲ ਮਹਾਂ ਸਿੰਘ ਦੇ ਸਿੱਕਿਆਂ ਤੋ ਵੱਖਰਾ ਹੈ ॥ ਪੁੱਠੇ ਪੱਸੇ ਦੀ ਇਬਾਰਤ ਨੂੰ ਹੇਂਠਿਓਂ ਉੱਪਰ ਨੂੰ ਪੜਨਾ ਹੈ ॥ ਸਭਤੋਂ ਪਹਿਲਾਂ ਜ਼ਰਬ ਕਸ਼ਮੀਰ ਸਭਤੋਂ ਹੇਠਾਂ ਹੁੰਦੀ ਹੈ ਪਰ ਸਿੱਕਿਆਂ'ਤੇ ਆਮ ਤੌਰ ਤੇ ਘੜ੍ਹ ਨਹੀਂ ਹੁੰਦੀ ਅਤੇ ਇਸ ਸਿੱਕੇ ਤੇ ਭੀ ਨਹੀਂ ਹੈ ॥ ਇਸਦੇ ਉਤ੍ਤੇ ਸ੍ਰੀ ਅਕਾਲ ਪੁ ਹੈ ਅਤੇ "ਰ" ਸਿੱਕੇ ਤੇ ਘੜ੍ਹ ਨਹੀ ਹੋਇਆ। ਅਤੇ ਪਤ੍ਤਾ ਘੜ੍ਹਿਆ ਹੋਇਆ ਹੈ ਅਤੇ ਪਤ੍ਤੇ ਦੇ ਉਤ੍ਤੇ "ਅਖ" ਜੋ ਪੁਰਖ ਲਫਜ਼ ਦਾ ਹਿੱਸਾ ਹੁੰਦਾ ਹੈ ਅਤੇ ਸਭਤੋਂ ਉਤ੍ਤੇ ਜੀ ਅਤੇ ਉਸਦੇ ਉਤ੍ਤੇ ਘੜ੍ਹਣ ਦਾ ਵਰ੍ਹਾ ਹੈ ॥

ਹੇਠ ਲਿਖੀ ਇਬਾਰਤ ਨੂੰ(ਗੁਰਮੁਖੀ ਨੂੰ ਭੀ) ਸੱਜਿਓਂ ਖੱਬੇ ਨੂੰ ਪੜ੍ਹਨਾ ਹੈ ॥

ضرب کشمیر سری اکال پور لہ جے

ਜੀ ਹਹਲ ਰ ਵਪ ਲ ਕਾ ਅ ਈ ਰਸ ਰਯਮਸ਼ਕ ਬ ਰਜ਼

ਖਅ ਰਪੁ ਲਕਾਅ ਸ੍ਰੀ ਰਮੀਸ਼ਕ ਬਰਜ਼

## ਗੋਬਿੰਦਸ਼ਾਹੀ ਇਬਾਰਤ ਪਿਸ਼ਾਵਰੀ(GSL.PSR)


ਇਹ ਇਬਾਰਤ ਪਿਸ਼ਾਵਰ ਦੇ ਸਿੱਕਿਆਂ'ਤੇ ਲੱਭਦੀ ਹੈ ਸੋ ਇਸਨੂੰ ਅਸੀਂ GSL.PSR ਦਾ ਨਾਉਂ ਦਿਤ੍ਹਾ ਹੈ ॥



ਹਕਨ ਰ ਦਬ ਤ ਰਸਨ ਹਤਫ ਘਤ ਹਕਯ ਦ

ਗੰਰਦਬੇ ਤਰਸਨੁ ਹਿਤਫ ਗਤੇ ਗਦੇ

ਪਹਿਲਾਂ ਵਾਂਙ ਇਸਨੂੰ ਭੀ ਸੱਜਿਓਂ ਖੱਬੇ ਨੂੰ ਪੜ੍ਹਨਾ ਹੈ ॥



ਹਕਨਸਦਨਬ ਵਲ ਰਵਲ ਕਨ ਨਾ ਜ਼ ਅ ਤਫ ਯਾ

ਘਸਿੰ ਦਬਿੰ ਗੋ ਰਗੁ ਕਨਨਾ ਜ਼ਅ ਤਫਯਾ

ਸੋ ਇਸਨੂੰ ਇੰਝ ਪੜ੍ਹਾਂਗੇ:

**ਦੇਗ ਤੇਗ ਫਤਹਿ ਨੁਸਰਤ ਬੇਦਰੰਗ**

**ਯਾਫਤ ਅਜ਼ ਨਾਨਕ ਗੁਰ ਗੋਬਿੰਦ ਸਿੰਘ**

ਆਉ ਹੁਣ ਇਹ ਇਬਾਰਤ ਸਿੱਕੇ ਤੇ ਵੇਂਖੀਏ ॥




ਇਸ ਸਿੱਕੇ ਤੇ ਅਤੇ ਪਿਸ਼ਾਵਰ ਦੇ ਬਾਕੀ ਰੁਪੱਈਆਂ ਤੇ ਭੀ ਇਹ ਇਬਾਰਤ ਇੰਞ ਹੀ ਲਿਖੀ ਮਿਲਦੀ ਹੈ ॥ ਇਬਾਰਤ ਵਿਚਕਾਰੋਂ ਸ਼ੁਰੂ ਹੁੰਦੀ ਹੈ ਅਤੇ ਫੇਰ ਉੜ੍ਹੇ ਮਗਰੋਂ ਬਚੀ ਹੋਈ ਹੇਠਾਂ ਲਿਖੀ ਲੱਭਦੀ ਹੈ ॥ ਸੋ ਵਿਚਕਾਰ ਦੇਗ ਤੇਗ ਫੜ੍ਹ ਨੁਸਰ ਅਤੇ ਨੁਸਰਤ ਦਾ "ਤ" ਲੰਮੀ ਲਕੀਰ ਵਾਂਙ ਲਿਖਿਆ ਜਾਂਦਾ ਹੈ ॥ "ਤ" ਉੱਪਰ ਬੇਦਰੰਗ ਯਾਫਤ ਅਜ਼ ਲਿਖਿਆ ਹੋਇਆ ਇਸ ਸਿੱਕੇ ਤੇ ਵੇੱਖਿਆ ਜਾ ਸਕਦਾ ਹੈ ॥ ਹੇਠਾਂ ਜੋ ਲੰਮੀ ਲਕੀਰ ਹੈ ਓਹ "ਨਾਨਕ" ਲਫਜ਼ ਦੇ "ਕ" ਦਾ ਹਿੱਸਾ ਹੈ ॥ ਨਾਨਕ ਹੇਠਾਂ

ਲਿਖਿਆ ਹੈ ਲੋਰ ਲੋ ਬਨਦ ਸਨਕਹ ਯਾਨੀ ਕਿ "ਗੁਰ ਗੋ ਬਿੰਦ ਸਿੰਘ" ॥ ਪੇਸ਼ਾਵਰ ਦੇ ਸਿੱਕਿਆਂ'ਤੇ لورو ਦੇ ਬਜਾਏ لور ਲਿਖਿਆ ਮਿਲਦਾ ਹੈ ॥ ਇਸਨੂੰ ਗੁਰ ਪੜ੍ਹਨਾ ਹੈ ॥

ਇੱਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਜਿਵੇਂ ਅਸੀਂ ਪਿੱਛੇ ਕਸ਼ਮੀਰ ਦੀ ਇਬਾਰਤ GSL.KMR'ਚ ਵੇਖਿਆ و ਤੇਗੋ'ਚ ਓ ਦੀ ਅਵਾਜ਼ ਕੱਡਦਾ ਹੈ ਅਤੇ لورو 'ਚ ਇਹ ਊ ਦੀ ਆਵਾਜ਼ ਕੱਢਦਾ ਹੈ ਅਤੇ پشاور 'ਚ ਇਹ "ਵ" ਦੀ ਅਵਾਜ਼ ਕੱਢਦਾ ਹੈ ॥

ਸਿੱਕੇ ਦੇ ਦੂਜੇ ਪੱਸੇ ਜ਼ਰਬ ਦੀ "ਬ" ਇਕ ਲੰਮੀ ਲਕੀਰ ਹੈ ॥ ਇਸਦੇ ਉਤੇ੍ ਪਸ਼ਾਵਰ ਲਿਖਿਆ ਹੈ । ਜੋ ਇਸ ਟਕਸਾਲ ਦਾ ਨਾਉਂ ਹੈ ॥ ਪਤ੍ਰੇ ਦੇ ਆਲੇ ਦੁਆਲੇ ਜਲੂਸ ਲਿਖਿਆ ਹੈ । ਅਤੇ ਘੜ੍ਹਣ ਦੀ ਤਾਰੀਖ ੧੮੯੨ ਭੀ ਸਾਫ ਪੜ੍ਹੀ ਜਾ ਸਕਦੀ ਹੈ ॥ ਪਤ੍ਰੇ ਹੇਠ ਜੋ ਲੰਮੀ ਲਕੀਰ ਹੈ ਉਹ "ਸਨਾ" ਦਾ ਹਿੱਸਾ ਹੈ ॥

ضرب پشاور جلوس ۱۸۹۲ سنہ

ਹਨਸ ੧੮੯੨ ਸ ਵਲਜ ਰ ਵ ਸ਼ਾਪ ਬ ਰਜ਼

ਨਾਸ ਸਲੂਜ ਰਵਸ਼ਾਪਿ ਬਰਜ਼

ਇਸਨੂੰ ਭੀ ਸੱਜਿਓਂ ਖੱਬੇ ਨੂੰ ਹੀ ਪੜ੍ਹਨਾ ਹੈ ॥

ਜ਼ਰਬ ਪਿਸ਼ਾਵਰ ਜਲੂਸ ੧੮੯੨ ਸਨਾ

ਸਨਹ ਨੂੰ ਸਨਾ ਪੜ੍ਹਣਾ ਹੈ ਕਿਉਂਕਿ ਫਾਰਸੀ'ਚ ਲਫਜ਼ ਦੇ ਆਖਿਰ'ਚ "ਹ" ਅੱਖਰ ਹੋਵੇ ਤੇ ਫੇਰ ਓਹ "ਆ" ਦੀ ਅਵਾਜ਼

ਕੱਢਦਾ ਹੈ ॥ ਆਉ ਹੁਣ ਇਹ ਇਬਾਰਤ ਸਿੱਕੇ ਤੇ ਵੇਖੀਏ ॥



## ਗੋਬਿੰਦਸ਼ਾਹੀ ਇਬਾਰਤ ਆਮ(GSL.GEN)

ਇਹ ਇਬਾਰਤ ਸਿੱਖਾਂ ਦੀਆਂ ਕਈ ਟਕਸਾਲਾਂ ਦੇ ਸਿੱਕਿਆਂ'ਤੇ ਲੱਭਦੀ ਹੈ ਸੋ ਇਸਨੂੰ ਅਸੀਂ ਗੋਬਿੰਦਸ਼ਾਹੀ ਇਬਾਰਤ ਆਮ ਜਾਂ GSL.GEN ਦਾ ਨਾਉਂ ਦਿਤ੍ਰਾ ਹੈ ॥ ਇਹ ਟਕਸਾਲਾਂ ਹਨ ਲਾਹੌਰ । ਅਮ੍ਰਿਤਸਰ । ਅਨੰਦਘਰ । ਮੁਲਤਾਨ ਅਤੇ ਨਜੀਬਾਬਾਦ ॥ ਇਹ ਸਤਲੁਜ ਦੇ ਦੱਖਣ'ਚ ਸਿਖ ਰਿਆਸਤਾਂ ਦੇ ਸਿੱਕਿਆਂ ਅਤੇ ਕੁਝ ਸਿੱਖਾਂ ਦੇ ਪੈਸਿਆਂ ਤੇ ਭੀ ਜਿਨ੍ਹਾਂ'ਚ ਫਾਰਸੀ ਇਬਾਰਤ ਹੁੰਦੀ ਹੈ । ਲੱਭਦੀ ਹੈ ॥ ਪਟਿਆਲਾ ਰਿਆਸਤ ਅਤੇ ਬਾਕੀ ਦੀਆਂ ਫੂਲਕੀਆਂ ਰਿਆਸਤਾਂ ਅਤੇ ਮਲੇਰ ਕੋਟਲਾ ਰਿਆਸਤ ਕਿਉਂਕਿ ਆਮ ਚਲਣ ਵਾਲੇ ਸਿੱਕੇ ਅਹਮਿਦ ਸ਼ਾਹ ਅਬਦਾਲੀ ਜਾਂ ਦੁਰ੍ਰਾਨੀ ਦੇ ਸਿੱਕਿਆਂ ਦੀ ਇਬਾਰਤ ਇਸ੍ਤੁਮਾਲ ਕਰਦੀਆਂ ਸੀ । ਭਾਵ ਓਨ੍ਹਾਂ ਦੀ ਸਰਪ੍ਰਸਤੀ ਹੇਠ ਸਿੱਕੇ ਜਾਰੀ ਕਰਦੀਆਂ ਸੀ ਸੋ ਅਸੀਂ ਇਨ੍ਹਾਂ ਰਿਆਸਤਾਂ ਦੇ ਸਿੱਕਿਆਂ ਬਾਰੇ ਕੋਈ ਗੱਲ ਨਹੀਂ ਕਰਣੀ ॥ ਕਿਉਂਕਿ ਤਕਨੀਕੀ ਤੌਰ ਤੇ ਇਨ੍ਹਾਂ ਸਿੱਕਿਆ ਨੂੰ ਸਿਖ ਨਹੀਂ ਕਹਿਆ ਜਾ ਸਕਦਾ ॥ ਜੇ ਫੂਲਕੀਆਂ ਰਿਆਸਤਾਂ ਦੇ ਸਿੱਕੇ ਸਿਖ ਸਿੱਕੇ ਨੇ ਫੇਰ ਇਸ ਕਸਵਟ੍ਰੀ ਤੇ ਨਾਪ ਤੋਲਣ ਮਗਰੋਂ ਤਾਂ ਮਲੇਰ ਕੋਟਲੇ ਦੇ ਸਿੱਕੇ ਭੀ ਸਿੱਖ ਹੀ ਸਾਬਿਤ ਹੋਣਗੇ ॥

ਸੋ ਇਨ੍ਹਾਂ ਸਿੱਖ ਰਿਆਸਤਾਂ'ਚੋਂ ਸਿਰਫ ਨੱਭੇ ਦੇ ਸਿੱਕੇ ਨੇ ਜਿਨ੍ਹਾਂ ਦੇ ਗੋਬਿੰਦਸ਼ਾਹੀ ਸਿੱਕਿਆਂ ਨੂੰ ਅਸੀਂ ਸਿੱਖ ਸਿੱਕੇ ਕਹਿ ਸਕਦੇ ਹਾਂ ਅਤੇ ਇਨ੍ਹਾਂ'ਤੇ ਝਾਤ੍ਰੀ ਮਾਰਾਂਗੇ ॥ ਪ੍ਰਭੁਤਾ ਦੀ ਗੱਲ ਨੱਭੇ ਦੇ ਰਾਜਿਆਂ ਨੂੰ ਛੇਤ੍ਰੀ ਸਮਝ ਆ ਗਈ ॥ ਇਕ ਨੱਭਾ ਰਿਆਸਤ ਹੀ ਸੀ ਜਿਨ੍ਹੇ ਲਾਹੌਰ ਦਰਬਾਰ ਦਾ ਪਹਿਲੀ ਸਿਖ ਅੰਗ੍ਰੇਜ਼ੀ ਜੰਗ'ਚ ਸਾਥ ਦਿਤ੍ਰਾ ਅਤੇ ਬ੍ਰਿਧਾ ਖਮਿਆਜ਼ਾ ਭੀ ਭੁਗਤਨਾ ਪਇਆ [੧੮]॥

ਇਹ ਇਬਾਰਤ GSL.LHR ਨਾਲ ਮੇਲ ਖਾਂਦੀ ਹੈ ਪਰ ਫਰਕ ਸਿਰਫ ਇਨ੍ਹਾਂ ਹੀ ਹੈ ਕਿ ਤੇਗੋ تغو ਦੀ ਬਜਾਏ ਇੰਞ غ و ਕਰ ਕੇ ਲਿੱਖਿਆ ਮਿਲਦਾ ਹੈ ॥ ਬ੍ਰਿਧੇ'ਚ ਬਹੁਤ ਥੋੜ੍ਰਾ ਫਰਕ ਹੈ ਭਾਂਵੇ ਵੇਖਣ'ਚ ਅੱਖਰ ਅੱਡ ਅੱਡ ਲਗਦੇ ਨੇ ॥ ਬ੍ਰਿਧੇ'ਚ و (ਵ) ਨੂੰ غ (ਘ) ਨਾਲ ਜੋੜ ਕੇ ਲਿਖਿਆ ਗਇਆ ਹੈ ॥ ਫਾਰਸੀ ਅੱਖਰਾਂ ਨੂੰ ਜਦੋਂ ਜੋੜ ਕੇ ਲਿਖਿਆ ਜਾਂਦਾ ਹੈ ਤਾਂ ਉਨ੍ਹਾਂ ਦੀ ਸ਼ਕਲ ਬਦਲ ਜਾਂਦੀ ਹੈ ॥ ਇਸਦੀ ਤਫਸੀਲ ਦੇਨਾ ਸੱਡੇ ਵਾਸ੍ਤੇ ਇੱਥੇ ਬਹੁਤਾ ਜਰੂਰੀ ਨਹੀਂ ਹੈ ॥ ਆਉ ਇਸ ਇਬਾਰਤ ਨੂੰ ਸੰਪੂਰਣ ਰੂਪ'ਚ ਵੇੱਖੀਏ ॥

دیک تغو فتح نصرت بدرنگ

ਕਨ ਰਦਬ ਤ ਰਸਨ ਹਤਫ ਵ ਘਤ ਕਯ ਦ

ਗਰੰਦਬੇ ਤਰਸਨੁ ਹਿਤਫ ਗੋਤੇ ਗਦੇ

یافت از نانک گور گوبند سنگه

ਹਕਨਸ ਦਨਬ ਕੋ ਰ ਕੋ ਕਨ ਨਾ ਜ਼ ਅ ਤਫ ਯਾ

ਘਸਿੰ ਦਬਿੰਗੋ ਰਗੁ ਕਨਨਾ ਜ਼ਅ ਤਫਯਾ

ਸੋ ਇਸਨੂੰ ਇੰਝ ਪੜ੍ਹਾਂਗੇ:

ਦੇਗ (ਦੇਕ) ਤੇਗੋ ਫਤੇ ਨੁਸਰਤ ਬੇਦਰੰਗ (ਬਦਰ ਨਕ)

ਯਾਫਤ ਅਜ਼ ਨਾਨਕ ਗੁਰ ਗੋਬਿੰਦ ਸਿੰਘ

ਆਓ ਹੁਨ ਇਹ ਇਬਾਰਤ ਸਿੱਕਿਆਂ'ਤੇ ਵੇੱਖੀਏ ॥

## ਪਹਿਲੇ ਗੋਬਿੰਦਸ਼ਾਹੀ ਅਮ੍ਰਿਤਸਰ

ਪਹਿਲੇ ਗੋਬਿੰਦਸ਼ਾਹੀ ਸਿੱਕੇ ਵਿ: ਸੰ: ੧੮੪੧ ਤੋਂ ਲੈਕੇ ਵਿ: ਸੰ: ੧੮੬੫ ਤਾਂਈ ਜਾਰੀ ਹੋਏ ॥ ਅਗ੍ਹੇ ਜਾਕੇ ਅਸੀਂ ਬਾਅਦ ਵਾਲੇ ਗੋਬਿੰਦਸ਼ਾਹੀ ਸਿੱਕਿਆਂ'ਤੇ ਭੀ ਝਾਤ੍ਹੀ ਮਾਰਾਂਗੇ ॥ ਇਨ੍ਹਾਂ ਸਿੱਕਿਆਂ ਦੀ ਇਬਾਰਤ ਹੇਠੋਂ ਸ਼ੁਰੂ ਹੋ ਕੇ ਉੱਪਰ ਨੂੰ ਜਾਂਦੀ ਹੈ ॥ ਜਿਵੇਂ ਕਿ ਜ਼ਿਆਦਾਤਰ ਸਿੱਖ ਸਿੱਕਿਆਂ ਦੀ ਇਬਾਰਤ ਤਿੰਨ ਹਿੱਸਿਆਂ'ਚ ਹੁੰਦੀ ਹੈ । ਸਭਤੋਂ ਹੇਠਾਂ ਦੇਗ ਤੇਗੋ ਫਤੇ ਨੁਸਰਤ । ਨੁਸਰਤ ਦਾ "ਤ" ਇਕ ਲੰਮੀ ਲਕੀਰ ਹੁੰਦੀ ਹੈ ॥ ਇਸਦੇ ਉੱਪਰ ਜਾਂ ਸਿੱਕੇ ਦੇ ਵਿਚਕਾਰਲੇ ਹਿੱਸੇ'ਚ ਬੇਦਰੰਗ ਯਾਫਤ ਅਜ਼ ਘੜ੍ਹਿਆ ਮਿਲਦਾ ਹੈ ॥ ਸਿੱਕੇ ਦੇ ਤੀਸਰੇ ਹਿੱਸੇ ਤੇ ਜੋ ਲੰਮੀ ਲਕੀਰ ਹੁੰਦੀ ਹੈ ਓਹ ਨਾਨਕ ਲਫਜ਼ ਦੇ "ਕ" ਦਾ ਹਿੱਸਾ ਹੁੰਦੀ ਹੈ ਅਤੇ ਇਸਦੇ ਉਤ੍ਹੇ ਗੁਰੂ ਗੋਬਿੰਦ ਸਿੰਘ ਲਿਖਿਆ ਹੁੰਦਾ ਹੈ ॥ ਇਨ੍ਹਾਂ'ਚੋਂ ਕੁਝ ਸਿੱਕਿਆਂ ਦੇ ਸਿੱਧੇ ਪਾੱਸੇ'ਤੇ ਸਿੰਘ ਲਫਜ਼ ਦੇ ਉੱਪਰ ਹਿਜਰੀ । ਜੋ ਇਸਲਾਮੀ ਵਰ੍ਹਾ ਹੁੰਦਾ ਹੈ । ਭੀ ਲਿਖਿਆ ਮਿਲਦਾ ਹੈ ॥ ਇਸਦੀ ਕੀ ਵਜ੍ਹਾ ਹੋ ਸਕਦੀ ਹੈ । ਹਜੇ ਤਾਂਈ ਸਿੱਖ ਸਿੱਕਿਆਂ ਦੇ ਮਾਹਿਰਾਂ ਨੂੰ ਨਹੀਂ ਪਤਾ ਲਗ੍ਹਿਆ ਹੈ ॥ ਬੇਦਰੰਗ ਅਤੇ ਯਾਫਤ ਲਫਜ਼ ਦੇ ਵਿਚਕਾਰ ਜੋ ਨਿਸ਼ਾਨ ਹੈ ਓਹ ਨਿਸ਼ਾਨ ਸੱਭ ਤੋਂ ਪਹਿਲਾਂ ਲਾਹੌਰ ਟਕਸਾਲ ਦੇ ਸਿਖ ਅਤੇ ਸਿੱਖਾਂ ਤੋਂ ਪਹਿਲੇ ਸਿੱਕਿਆਂ'ਤੇ ਭੀ ਵੇਖਣ ਨੂੰ ਮਿਲਦਾ ਹੈ ॥ ਇਹ ਨਿਸ਼ਾਨ ਸਿਖਾਂ ਦੇ ਸਿੱਕਿਆਂ'ਤੇ ਭੰਗੀ ਮਿਸਲ ਦੀ ਨਿਸ਼ਾਨੀ ਭੀ ਹੋ ਸਕਦਾ ਹੈ ਪਰ ਯਕੀਨੀ ਤੌਰ ਤੇ ਇਹ ਕਹਿਣਾ ਮੁਸ਼ਕਿਲ ਹੈ ॥ ਅਗ੍ਹੇ ਚਲਕੇ ਅਸੀਂ ਅਨੰਦਘਰ ਟਕਸਾਲ ਦੇ ਸਿੱਕਿਆਂ'ਤੇ ਭੀ ਇਹੀ ਨਿਸ਼ਾਨ ਵੇਖਾਂਗੇ ॥




ਸਿੱਕੇ ਦੇ ਪੁੱਠੇ ਪਾੱਸੇ ਟਕਸਾਲ ਦਾ ਨਾਉਂ ਘੜ੍ਹਣ ਦਾ ਸਮਾਂ(ਵਰ੍ਹਾ ਵਿ: ਸੰ:'ਚ) ਅਤੇ ਕੁਝ ਸਿੱਕਿਆਂ'ਤੇ ਅਰਬੀ ਅਖਰਾਂ'ਚ ਵਰ੍ਹਾ ਜਿਵੇਂ ਆਹਦ[੧੯] ਮਤਲਬ ਪਹਿਲਾ । ਤਨੀ ਜਾਂ ਦੂਜਾ ।

ਤਲਿਤ ਜਾਂ ਤੀਜਾ ਵਗੈਰ੍ਹਾ ਲਿਖਿਆ ਮਿਲਦਾ ਹੈ ॥ ਇਹ ਅਰਬੀ ਦੇ ਲਫਜ਼ ਨੇ ਫਾਰਸੀ ਦੇ ਨਹੀਂ ॥ ਫਾਰਸੀ ਆਹਦ ਨੂੰ ਯਕ। ਤਨੀ ਨੂੰ ਦੋ। ਤਲਿਤ ਨੂੰ ਸੀ ਕਹਿੰਦੇ ਨੇ ॥ ਇਸਨੂੰ ਰਾਜ ਕਰਣ ਦਾ ਵਰ੍ਹਾ ਜਾਂ ਜਲੂਸ ਜਾਂ ਅੰਗ੍ਰੇਜੀ'ਚ ਇਸਨੂੰ regnal year ਕਹਿੰਦੇ ਨੇ। ਜਿਵੇਂ ਕਿ ਅਸੀਂ ਪਹਿਲਾਂ ਹੀ ਦੱਸ ਆਏ ਹਾਂ ॥ ਕਟਾਰ ਦਾ ਨਿਸ਼ਾਨ ਹਰ ਪਹਿਲੇ ਸ੍ਰੀ ਅਮ੍ਰਿਤਸਰ ਟਕਸਾਲ ਦੇ ਗੋਬਿੰਦਸ਼ਾਹੀ ਸਿੱਕੇ ਤੇ ਲੱਭਦਾ ਹੈ ਅਤੇ ਇਸਨੂੰ ਅਸੀਂ ਸ੍ਰੀ ਅਮ੍ਰਿਤਸਰ ਟਕਸਾਲ ਦਾ ਨਿਸ਼ਾਨ ਕਹਿ ਸਕਦੇ ਹਾਂ ॥ ਪੁੱਠੇ ਪੱਸੇ ਜੋ ਇਬਾਰਤ ਲਿਖੀ ਮਿਲਦੀ ਹੈ ਉਸਦਾ ਸਰੂਪ ਕੁਝ ਇਸ ਤਰ੍ਹਾਂ ਹੈ:

ਜਲੂਸ (ਅਰਬੀ ਵਰ੍ਹਾ) ਮੈਮਨਤ ਮਾਨੂਸ ਸੰਬਤ ਵਿ: ਸੰ: ਵਰ੍ਹਾ ਜ਼ਰਬ ਸ੍ਰੀ ਅਮ੍ਰਿਤਸਰ। ਇਸ ਸਿੱਕੇ ਦੇ ਪੁੱਠੇ ਪਾਸੇ ਕੁਝ ਇਸ ਤਰ੍ਹਾਂ ਲਿਖਿਆ ਹੋਇਆ ਹੈ ॥

جلوس احد میمنت مانوس

ਸ ਵਨ ਮਾ ਤਨਮਯਮ ਦਹ ਆ ਸ ਵਲਜ

ਸਨੂਮਾ ਤਨਮਮੈ ਦਹਆ ਸਲੂਜ

سمبت ۱۸۴۱ ضرب سری امرتسر

ਰਸ ਤ ਰਮ ਅ ਈ ਰਸ ਬ ਰਜ਼ ੧੮੪੧ ਤਬਮਸ

ਰਸਤਮ੍ਰਿਅ ਸ੍ਰੀ ਬਰਜ਼ ਤਬਸੰ

ਸੋ ਇਸਨੂੰ ਇੰਞ ਪੜ੍ਹਾਂਗੇ:

ਜਲੂਸ (ਆਹਦ) ਮੈਮਨਤ ਮਾਨੂਸ

# ਸੰਬਤ ੧੮੪੧ ਜ਼ਰਬ ਸ੍ਰੀ ਅਮ੍ਰਿਤਸਰ

ਪਹਿਲੇ ਗੋਬਿਦਸ਼ਾਹੀ ਸਿੱਕਿਆਂ ਦੇ ਪੁੱਠੇ ਪੱਸੇ ਜਿਆਦਾਤਰ ਘਸੇ ਹੋਏ ਠੱਪਿਆਂ ਜਾਂ ਜਿਸਨੂੰ ਅੰਗ੍ਰੇਜੀ'ਚ worn out die ਕਹਿੰਦੇ ਨੇ। ਨਾਲ ਘੜ੍ਹੇ ਹੋਏ ਮਿਲਦੇ ਨੇ ॥ ਸੰਮਤ ਵਰ੍ਹੇ ਦੇ ਖੱਬੇ ਪੱਸੇ ਇਕ ਸੂਰਜਮੁਖੀ ਵਰਗਾ ਫੁਲ ਭੀ ਕਦੇ ਕਦੇ ਵੇਖਣ ਨੂੰ ਮਿਲ ਜਾਂਦਾ ਹੈ ॥ ਇਹੀ ਇਬਾਰਤ ਹੁਣ ਅਸੀਂ ਸਿੱਕੇ'ਤੇ ਵੇਁਖੀਏ ॥




ਜਿਵੇਂ ਕਿ ਅਸੀਂ ਨਾਲ ਵਾਲੀ ਤਸਵੀਰ'ਚ ਵੇਖ ਸਕਦੇ ਹਾਂ ਕਿ ਸਿੱਕੇ ਦੇ ਪੁੱਠੇ ਪਾਸੇ ਦੀ ਇਬਾਰਤ ਹੇਠਾਂ ਤੋਂ ਸ਼ੁਰੂ ਹੋ ਕੇ ਉੱਪਰ ਨੂੰ ਜਾਂਦੀ ਹੈ ॥ ਇਸ ਸਿੱਕੇ ਤੇ ਰਾਜਸੀ ਵਰ੍ਹਾ ਆਹਦ ਲਿਖਿਆ ਹੈ ॥ ਹਾਂਸ ਹਰਲੀ ਮੁਤਾਬਕ ਜੋ ਵਿ: ਸੰ: ਵਰ੍ਹਾ ੧੮੪੧ ਵੇਁਖਿਆ ਜਾ ਸਕਦਾ ਹੈ । ਰੋਁਕਿਆ ਹੋਇਆ ਜਾਂ ਜਿਸਨੂੰ ਅੰਗ੍ਰੇਜ਼ੀ'ਚ frozen year ਕਹਿੰਦੇ ਨੇ। ਵਰ੍ਹਾ ਹੈ ॥ ਸ੍ਰੀ ਅਮ੍ਰਿਤਸਰ ਟਕਸਾਲ ਦਾ ਨਿਸ਼ਾਨ ਕਟਾਰ ਹੈ ਜੋ ਮਾਨੂਸ ਲਫਜ਼ ਦੇ ਉੱਪਰ ਦਰਜ ਹੈ ਅਤੇ ਸੁਰਜਮੁਖੀ ਵਰਗਾ ਫ਼ੁੱਲ ਭੀ ۱۸۴۱ ਦੇ ਖੱਬੇ ਪਾਸੇ ਘੜ੍ਹਿਆ ਹੋਇਆ ਹੈ ॥ ۱۸۴۱ ਦੇ ਹੇਠਾਂ ਜੋ ਲੰਮੀ ਲਕੀਰ ਹੈ ਓਹ ਸੰਬਤ ਲਫਜ਼ ਦਾ "ਤ" ਹੈ ॥ ਉੱਪਰ ਵਾਲੀ ਲੰਮੀ ਲਕੀਰ ਜ਼ਰਬ ਲਫਜ਼ ਦਾ "ਬ" ਹੈ ॥ ਇਸਦੇ ਉੱਤੇ ਟਕਸਾਲ ਦਾ ਨਾਉਂ ਸ੍ਰੀ ਅਮਰਤਸਰ ਘੜ੍ਹਿਆ ਹੋਇਆ ਹੈ ॥

## ਅਨੰਦਘਰ

ਅਨੰਦਘਰ ਟਕਸਾਲ ਦੇ ਸਿੱਕਿਆਂ ਬਾਰੇ ਸਭਤੋਂ ਪਹਿਲਾਂ ਚਾਰਲ੍ਸ ਰੌਜਰ੍ਸ ਨੇ ਅਪਣੇ ਲੇਖ ਦ ਕੌਇਨਜ਼ ਔਫ ਦ ਸਿਖ੍ਸ'ਚ ਲਿਖਿਆ ਸੀ ॥ ਉਨ੍ਹੇ ਇਸ ਟਕਸਾਲ ਦਾ ਨਾਉਂ ਅਨੰਦਘਰ ਦੇ ਬਜਾਏ ਅਨੰਦਗੜ੍ਹ ਲਿਖਿਆ ਸੀ । ਪਰ ਓ ਕੌਰਿੰਗਟਨ ਨੇ ਆਪਣੀ ਕਿਤਾਬ "ਅ ਮੈਨੁਅਲ ਔਫ ਮੁਸਲਮਾਨ ਨਜੁਮਿਸਮੈਟਿਕ੍ਸ" (A Manual of Musalman Numismatics)[੨੦] ਵਿਚ ਇਸ ਟਕਸਾਲ ਦਾ ਨਾਉਂ ਅਨੰਦਘਰ ਲਿਖਿਆ ਹੈ ਜੋ ਉਸਦੇ ਮੁਤਾਬਕ ਸ਼ਾਇਦ ਅਨੰਦਪੁਰ'ਚ ਹੈ ॥ ਫਾਰਸੀ ਅੱਖਰਾਂ'ਚ ਜੋ ਨਾਉਂ ਤਜਵੀਜ਼ ਕੀਤ੍ਰਾ ਹੈ ਓਹ ਕੁਝ ਇਸ ਤਰ੍ਹਾਂ ਦਿਤ੍ਰਾ ਗਇਆ ਹੈ:

انند گھره ਅਤੇ انند گره ਜੇ ਇਨ੍ਹਾਂ ਦਾ ਅਸੀ ਲਿਪੀ ਤਰਜਮਾ ਗੁਰਮੁਖੀ'ਚ ਕਰੀਏ ਤਾਂ ਇਹ ਕੁਝ ਇਸ ਤਰ੍ਹਾਂ ਹੋਵੇਹਾ:

ਅਨੰਦਘਰ੍ਹ ਅਤੇ ਅਨੰਦਗਰ੍ਹ ॥ ਪਰ ਰੋਮਨ ਲਿਪੀ'ਚ ਇਹ Anandghar (ਅਨੰਦਘਰ) ਲਿਖਿਆ ਹੋਇਆ ਹੈ ॥ ਸਿੱਕਿਆਂ'ਤੇ ਜੋ ਫਾਰਸੀ ਅੱਖਰਾਂ'ਚ ਟਕਸਾਲ ਦਾ ਨਾਉਂ ਹੈ ਓਹ ਕੁਝ ਇਸ ਤਰ੍ਹਾਂ ਲਿਖਿਆ ਮਿਲਦਾ ਹੈ:

انند لہر ਸੋ ਇਨ੍ਹਾਂ ਫਾਰਸੀ ਅਖਰਾਂ ਨੂੰ ਅਨੰਦਲਹਰ ਪੜ੍ਹਾਂਗੇ ॥ ਪਰ ਜਿਵੇਂ ਕਿ ਅਸੀਂ ਪਹਿਲਾਂ ਦੱਸ ਆਏ ਹਾਂ ਕਿ ਇਹ ਸ਼ਿਕਸ੍ਤਾ ਫਾਰਸੀ ਹੈ । ਸੋ ਇਸਨੂੰ ਅਸੀਂ ਅਨੰਦਲਹਰ ਨਹੀਂ ਪਰ ਅਨੰਦਘਰ ਪੜ੍ਹਨਾ ਹੈ ॥ ਦਰਅਸਲ'ਚ ਇਹ انند لہر ਲਿਖਿਆ ਹੋਇਆ ਹੈ گ ਦੀ ਜਗ੍ਹਾ ل ਲਿਖਿਆ ਹੋਇਆ ਹੈ ॥

ਇਸ ਕਿਤਾਬ'ਚ ਜੋ ਸ਼ਹਿਰ ਦੇ ਭੂਗੌਲੀ ਅਕਸ਼ਾਂਸ਼ ਅਤੇ ਰੇਖਾਂਸ਼ (Latitude & Longitude) ਦਿਤ੍ਰੇ ਹੋਏ ਨੇ ਓਹ ਨੇ ੩੧° ੧੫' ਉਤ੍ਰਰ ਅਤੇ ੭੬° ੩੪' ਪੂਰਬ ਜੋ ਅਨੰਦਪੁਰ ਸਾਹਿਬ ਦੇ ਨੇ ॥ ਪਰ ਹਜੇ ਤਾਂਈਂ ਇਹ ਨਹੀ ਪਤਾ ਲਗ੍ਹ ਸਕਿਆ ਹੈ ਕਿ ਅਨੰਦਘਰ ਦਾ ਅਨੰਦਪੁਰ ਸਾਹਿਬ ਨਾਲ ਕੀ ਰਿਸ਼੍ਤਾ ਹੈ ਕਿਉਂਕਿ ਕੋਈ ਭੀ ਤਵਾਰੀਖੀ ਸ੍ਰੋਤ ਇਹ ਨਹੀਂ ਦੱਸ ਸੱਕਿਆ ਕਿ ਅਨੰਦਪੁਰ ਸਾਹਿਬ'ਚ ਕੋਈ ਟਕਸਾਲ ਸੀ ਜੋ ਸਿੱਖ ਰਾਜ ਦੇ ਸਿੱਕੇ ਘੜ੍ਹਦੀ ਸੀ ॥ ਆਉ ਹੁਣ ਇਸ ਟਕਸਾਲ ਦੀ ਇਬਾਰਤ ਵੇਂਖੀਏ ॥

دیک تغو فتح نصرت بدر نک

ਕਨ ਰਦਬ ਤ ਰਸਨ ਹਤਫ ਵ ਘਤ ਕਯ ਦ

ਗਰੰਦਬੇ ਤਰਸਨੁ ਹਿਤਫ ਘੋਤੇ ਕਦੇ

یافت از نانک کور کوبند سنکه

ਹਕਨਸ ਦਨਬ ਵਕ ਰ ਵਕ ਕਨ ਨਾ ਜ਼ ਅ ਤਫ ਯਾ

ਕ੍ਹਸਿੰ ਦਬੰਕੋ ਰਕੋ

ਸੋ ਇਸਨੂੰ ਇੰਞ ਪੜ੍ਹਾਂਗੇ:

ਦੇਗ (ਦੇਕ) ਤੇਗੋ ਫਤਹਿ ਨੁਸਰਤ ਬੇਦਰੰਗ (ਬੇਦਰੰਕ)

ਯਾਫਤ ਅਜ਼ ਨਾਨਕ ਗੁਰ(ਕੋਰ) ਗੋਬਿੰਦ(ਕੋਬੰਦ) ਸਿੰਘ ਸਿੰਕ੍ਹ

ਆਓ ਹੁਨ ਇਹ ਇਬਾਰਤ ਸਿੱਕੇ ਤੇ ਵੇਖੀਏ ॥




ਜਿਵੇਂ ਕੇ ਵੇਂਖਿਆ ਜਾ ਸਕਦਾ ਹੈ ਇਸ ਸਿੱਕੇ'ਚ ਅਤੇ ਅਮ੍ਰਿਤਸਰ ਟਕਸਾਲ ਦੇ ਸਿੱਕੇ'ਚ ਕੁਝ ਬਹੁਤਾ ਫਰਕ ਨਹੀਂ ਹੈ ॥ ਹੁਨ ਇਸ ਸਿੱਕੇ ਦੇ ਪੁੱਠੇ ਪਾਸੇ ਜਾਂ reverse ਤੇ ਝਾਤ੍ਰੀ ਮਾਰੀਏ ॥ ਇਸਦੇ ਪੁੱਠੇ ਪੱਸੇ ਦੀ ਇਬਾਰਤ ਦਾ ਵੇਰਵਾ ਇਸ ਤਰ੍ਹਾਂ ਹੈ:






ਰਹਲ ਦਨਨ ਅ ਬ ਰਜ਼ ੧੮੪੬ ਤਬਮਸ

ਸੋ ਇਸਨੂੰ ਇੰਝ ਪੜ੍ਹਾਂਗੇ:

## ਜਲੂਸ ਮੈਮਨਤ (ਮਯਮਨਤ) ਮਾਨੂਸ ਸੰਬਤ (ਸਮਬਤ)

## ੧੮੪੬ ਜ਼ਰਬ ਅਨੰਦਘਰ (ਅਨਨਦਲਹਰ)

ਜਿਵੇਂ ਕਿ ਅਸੀਂ ਸਿੱਕੇ ਦੀ ਇਸ ਤਸਵੀਰ ਤੋਂ ਵੇਖ ਸਕਦੇ ਹਾਂ ਕਿ ਇਬਾਰਤ ਹੇਠਿਓ ਜਲੂਸ ਲਫਜ਼ ਨਾਲ ਸ਼ੁਰੂ ਹੁੰਦੀ ਹੈ ॥ ਪਹਿਲੀ ਲੰਮੀ ਲਕੀਰ ਸੰਬਤ ਦਾ "ਤ" ਹੈ ॥ ਇਸਦੇ ਉੱਪਰ ਸਿੱਕਾ ਘੜ੍ਹਨ ਦਾ ਵਰ੍ਹਾ ੧੮੪੬ ਫਾਰਸੀ ਅੱਖਰਾਂ'ਚ ਹੈ ॥ ਇਸਦੇ ਉੱਤੇ ਲੰਮੀ ਲਕੀਰ ਜ਼ਰਬ ਦਾ "ਬ" ਹੈ ॥ ਅਤੇ ਇਸਦੇ ਉੱਤੇ ਟਕਸਾਲ ਦਾ ਨਾਉਂ ਅਨੰਦਘਰ ਹੈ ॥



## ਬਾਅਦ ਵਾਲੇ ਗੋਬਿੰਦਸ਼ਾਹੀ ਅਮ੍ਰਿਤਸਰ

ਬਾਅਦ ਵਾਲੇ ਗੋਬਿੰਦਸ਼ਾਹੀ ਸਿੱਕੇ ਵਿ: ਸੰ: ੧੮੯੫'ਚ ਘੜ੍ਹਨੇ ਸ਼ੁਰੂ ਹੋਏ ਸੀ ॥ ਮਹਾਰਾਜਾ ਰਣਜੀਤ ਸਿੰਘ ਦਾ ਅਕਾਲ ਚਲਾਣਾ ਵਿ: ਸੰ: ੧੮੯੬'ਚ ਹੋਇਆ ਸੀ ॥ ਇਨ੍ਹਾ ਸਿੱਕਿਆਂ'ਤੇ ਸਿੱਧੇ ਪਾੱਸੇ ਘੜ੍ਹਨ ਦਾ ਵਰ੍ਹਾ ਹੁੰਦਾ ਹੈ ਅਤੇ ਪੁੱਠੇ ਪਾੱਸੇ ਰੋੱਕਿਆ ਹੋਇਆ(frozen year) ਵਰ੍ਹਾ ਵਿ: ਸੰ: ੧੮੮੪ ਹੁੰਦਾ ਹੈ ॥ ਕੁਝ ਸਿੱਕਿਆਂ'ਤੇ ਰੋੱਕਿਆ ਹੋਇਆ ਵਰ੍ਹਾ ਵਿ: ਸੰ: ੧੮੮੮ ਭੀ ਵੇਖਣ ਨੂੰ ਮਿਲਦਾ ਹੈ ॥

دیگ تیغ و فتح نصرت بیدرنگ

ਕਨ ਰਦਬ ਤ ਰਸਨ ਹਤਫ ਵ ਘਤ ਕਯ ਦ

ਗਰੰਦਬੇ ਤਰਸਨੁ ਘੋਤ ਕਦੇ

یافت از نانک گرو گوبند سنگه

ਹਕਨਸ ਦਨਬ ਵਲ ਰ ਵਲ ਕਨ ਨਾ ਜ਼ ਅ ਤਫ ਯਾ

ਕ੍ਰਸਿੰ ਦਬੰ ਲੋ ਰਲੋ

ਦੇਗ (ਦਯਕ) ਤੇਗੋ ਫਤੇ ਨੁਸਰਤ ਬੇਦਰੰਗ (ਬਦਰਨਕ)

ਯਾਫਤ ਅਜ਼ ਨਾਨਕ ਗੁਰ(ਲੋਰ) ਗੋਬਿੰਦ(ਲੋਬਨਦ) ਸਿੰਘ

(ਸਨਕਹ) ੧੯(੦)੨




ਸਿੱਕੇ ਦੇ ਪੁੱਠੇ ਪਾਸੇ ਦੀ ਇਬਾਰਤ ਕੁਝ ਇਸ ਤਰ੍ਹਾ ਹੁੰਦੀ ਹੈ ॥

جلوس میمنت مانوس بخت اکال

ਲ ਕਾ ਅ ਤਖਬ ਸ ਵਨ ਮਾ ਤਮਨਯਮ ਸ ਵਲਜ

ਸ ਨੂਮਾ ਤਮਨਮੈ ਸ ਜਲੂ

تخت ضرب سری امر ت سر

ਰਸ ਤ ਰਮਅ ਈਰਸ ਬਰਜ਼ ਤਖਤ

ਸ੍ਰੀ

۱۸۸۴

੧੮੮੪



### ਲਾਹੌਰ

ਇਹ ਗੋਬਿੰਦਸ਼ਾਹੀ ਇਬਾਰਤ ਲਾਹੌਰ ਦੇ ਸਿੱਕਿਆਂ'ਤੇ ਵਿਕ੍ਰਮ ਸੰਮਤ ੧੯੨੪ ਤੋਂ ਲੈ ਕੇ ਵਿਕ੍ਰਮ ਸੰਮਤ ੧੯੪੦ ਤਾਂਈ ਵੇਂਖਣ ਨੂੰ ਮਿਲਦੀ ਹੈ ॥ ਆਓ ਇਹ ਹੁਣ ਸਿੱਕੇ ਤੇ ਵੇਂਖੀਏ ॥

ਇਸ ਸਿੱਕੇ ਤੇ ਭੀ ਗੋਬਿੰਦਸ਼ਾਹੀ ਇਬਾਰਤ ਆਮ GSL.GEN ਵਾਂਙ ਹੀ ਦਰਜ ਹੈ ਅਤੇ ਇਸਨੂੰ ਇਸ ਸਿੱਕੇ'ਤੇ ਭੀ ਹੇਠ ਲਿਖੀ ਤਰਤੀਬ ਨਾਲ ਹੀ ਪੜ੍ਹਨਾ ਹੈ ॥




## ਦੇਗ

## (ਦਯਕ) ਤੇਗੋ ਫਤਹਿ ਨੁਸਰਤ ਬੇਦਰੰਗ (ਬਦਰਨਕ)

## ਯਾਫਤ ਅਜ਼ ਨਾਨਕ ਗੁਰੂ(ਕੋਰਵ) ਗੋਬਿੰਦ(ਕੋਬਨਦ)

## ਸਿੰਘ (ਸਨਕਹ)

ਅਤੇ ਸਿੱਕੇ ਦਾ ਪੁੱਠਾ ਪਾਸਾ ਪਹਿਲੇ ਸਿੱਕਿਆਂ ਵਰਗਾ ਹੀ ਹੈ ॥ ਪੁੱਠੇ ਪਾਸੇ ਦੀ ਇਬਾਰਤ ਹੈ:

ਜਲੂਸ ਮੈਮਨਤ ਮਾਨੂਸ ਸੰਬਤ ੧੮੨੪

ਜ਼ਰਬ ਦਾਰ ਅ(ਲ) ਸ੍ਸਲ੍ਨਾ ਲਾਹੌਰ



## ਮਨਕੇਰਾ

ਗੋਬਿੰਦਸ਼ਾਹੀ ਇਬਾਰਤ ਆਮ GSL.GEN ਮਨਕੇਰਾ ਟਕਸਾਲ ਤੋਂ ਜਾਰੀ ਕੀਤੇ ਸਿੱਕਿਆਂ'ਤੇ ਭੀ ਲੱਭਦੀ ਹੈ ॥

ਇਸ ਸਿੱਕੇ ਦੇ ਸਿੱਧੇ ਪਾਸੇ ਦੀ ਇਬਾਰਤ ਜੋ ਕੁਝ ਇਸ ਤਰ੍ਹਾਂ ਹੈ:

**ਦੇਗ (ਦੇਕ) ਤੇਗੋ ਫਤਹਿ ਨੁਸਰਤ ਬੇਦਰੰਗ (ਬਦਰਨਕ) ਯਾਫਤ ਅਜ਼ ਨਾਨਕ ਗੁਰ(ਕੋਰ) ਗੋਬਿੰਦ(ਕੋਬਨਦ) ਸਿੰਘ (ਸਨਕਹ)**




Image courtesy of Steve Album Rare Coins.
ਤਸਵੀਰ ਸਟੀਵ ਐਲਬਮ ਰੇਅਰ ਕੋਇਨਜ਼ ਦੇ ਸਦਕੇ ॥

ਅਤੇ ਸਿੱਕੇ ਦੇ ਪੁੱਠੇ ਪਾਸੇ ਦੀ ਇਬਾਰਤ ਜੋ ਹਜੇ ਤਾਂਈ ਪੜ੍ਹੀ ਜਾ ਸਕੀ ਹੈ ਓਹ ਕੁਝ ਇਸ ਤਰ੍ਹਾਂ ਹੈ:

# ਜਲੂਸ ਮੈਮਨਤ ਮਾਨੂਸ ਸੰਬਤ ੧੮੯੫ ਜ਼ਰਬ ਮਨਕੇਰਾ




Image courtesy of Steve Album Rare Coins. ਤਸਵੀਰ ਸਟੀਵ ਐਲਬਮ ਰੇਅਰ ਕੋਇਨਜ਼ ਦੇ ਸਦਕੇ ॥

ਤਾਰੀਖ ਉੱਪਰ ਜੋ ਲੰਮੀ ਲਕੀਰ ਹੈ ਓਹ ਜ਼ਰਬ ਦਾ "ਬ" ਹੈ ॥ ਅਤੇ ਜੋ ਤੀਸਰੀ ਲੰਮੀ ਲਕੀਰ ਹੈ ਓਹ ਮੈਮਨਤ ਦਾ "ਤ" ਹੈ ॥ ਇਬਾਰਤ ਹੇਂਠਿਓਂ ਸ਼ੁਰੂ ਹੁੰਦੀ ਹੈ ॥ ਮੈਮਨਤ ਦੇ ਹੇਠਾਂ ਵਾਲੀ ਇਬਾਰਤ ਹਜੇ ਤਾਂਈ ਤਸੱਲੀ ਬਕਸ਼ ਪੜ੍ਹੀ ਨਹੀਂ ਜਾ ਸਕੀ ॥ ਅਤੇ ਜੋ ਠੀਕ ਤਰ੍ਹਾਂ ਪੜ੍ਹੀ ਜਾ ਸਕੀ ਹੈ ਓਹ ਅਸੀਂ ਉਤ੍ਹੇ ਦੱਸ ਹੀ ਆਏ ਹਾਂ ॥

## ਮੁਲਤਾਨ

ਮੁਲਤਾਨ ਟਕਸਾਲ ਦੇ ਸਿੱਖ ਸਿੱਕੇ ਭੰਗੀ ਮਿਸਲ ਦੀ ਸਰਕਾਰ ਨੇ ਵਿ: ਸੰ: ੧੮੨੯ ਤੋਂ ਵਿ: ਸੰ ੧੮੩੬ ਤਾਂਈ ਜਾਰੀ ਕੀਤ੍ਰੇ ॥

ਇਹ ਸਿੱਕੇ ਗੋਬਿੰਦਸ਼ਾਹੀ ਇਬਾਰਤ ਵਾਲੇ ਸਿੱਕੇ ਸੀ ॥ ਆਉ ਇਸ ਲੜੀ ਦਾ ਇਕ ਸਿੱਕਾ ਵੇਂਖੀਏ ॥

Image courtesy of Steve Album Rare Coins.
ਤਸਵੀਰ ਸਟੀਵ ਐਲਬਮ ਰੇਅਰ ਕੋਇਨਜ਼ ਦੇ ਸਦਕੇ ॥

ਜਿਵੇਂ ਕਿ ਇਸ ਤਸਵੀਰ'ਚ ਵੇਂਖਿਆ ਜਾ ਸਕਦਾ ਹੈ ਇਸ ਸਿੱਕੇ ਤੇ ਗੋਬਿੰਦਸ਼ਾਹੀ ਇਬਾਰਤ ਆਮ GSL.GEN ਹੀ ਘੜ੍ਹੀ ਹੋਈ ਹੈ ਜੋ ਇਸ ਤਰ੍ਹਾਂ ਹੈ:




**ਦੇਗ (ਦਯਕ) ਤੇਗੋ ਫਤਹਿ ਨੁਸਰਤ ਬੇਦਰੰਗ (ਬਦਰਨਕ)**

**ਯਾਫਤ ਅਜ਼ ਨਾਨਕ ਗੁਰੂ(ਕੋਰਵ) ਗੋਬਿੰਦ(ਕੋਬਨਦ)**

**ਸਿੰਘ(ਸਨਕਹ)**

ਅਤੇ ਸਿੱਕੇ ਦੇ ਪੁੱਠੇ ਪਾੱਸੇ ਇਬਾਰਤ ਹੇਠਿਓਂ ਸ਼ੁਰੂ ਹੁੰਦੀ ਹੈ ਜੋ ਇਸ ਤਰ੍ਹਾਂ ਹੈ:

## ਜਲੂਸ ਮੈਮਨਤ ਮਾਨੂਸ ਸੰਬਤ ੧੯੩੧ ਜ਼ਰਬ

## ਦਾਰ (ਦ ਅ ਰ) ਅਲ ਅਮਾਨ ਮਲਤਾਨ




Image courtesy of Steve Album Rare Coins. ਤਸਵੀਰ ਸਟੀਵ ਐਲਬਮ ਰੇਅਰ ਕੋਇਨਜ਼ ਦੇ ਸਦਕੇ ॥

ਸਿੱਖਾਂ ਤੋਂ ਪਹਿਲਾਂ ਇਹ ਇਬਾਰਤ ਮੁਗਲ ਅਤੇ ਅਹਿਮਦ ਸ਼ਾਹ ਦੁਰ੍ਰਾਨੀ(ਅਬਦਾਲੀ) ਦੀ ਅਫਗਾਨੀ ਹਕੂਮਤਾਂ ਦੇ ਜਾਰੀ ਕੀਤ੍ਰੇ ਹੋਏ ਸਿੱਕਿਆਂ'ਤੇ ਭੀ ਲੱਭਦੀ ਹੈ ॥ ਸਿੱਖਾਂ ਨੇ ਭੀ ਇਹ ਇਬਾਰਤ ਆਪਣੀ ਹਕੂਮਤ ਦੌਰਾਨ ਜਾਰੀ ਰੱਖੀ ॥

## ਨੱਭਾ

ਫੁਲਕੀਆਂ ਰਿਆਸਤਾਂ'ਚੋ ਸਿਰਫ ਇਕ ਨੱਭਾ ਰਿਆਸਤ ਦੇ ਸਿੱਕਿਆਂ ਨੂੰ ਸਿੱਖ ਸਿੱਕੇ ਕਹਿਆ ਜਾ ਸਕਦਾ ਹੈ ॥ ਇਨ੍ਹਾਂ ਸਿੱਕਿਆਂ'ਤੇ ਸਿੱਧੇ ਪੱਸੇ ਗੋਬਿੰਦਸ਼ਾਹੀ ਇਬਾਰਤ GSL.GEN ਹੁੰਦੀ ਹੈ ਅਤੇ ਇਹ ਆਮ ਚਲੱਨ ਵਾਲੇ ਸਿੱਕੇ ਨੇ ॥ ਨੱਭਾ ਸ਼ਹਿਰ ਰਾਜਾ ਹਮੀਰ ਸਿੰਘ ਨੇ ਵਸਾਇਆ ਸੀ ਅਤੇ ਹਮੀਰ ਸਿੰਘ ਨੇ ਹੀ ਨੱਭੇ ਦੇ ਸਿੱਕੇ ਸੱਭਤੋਂ ਪਹਿਲਾਂ ਆਪਣੇ ਨਾਉਂ ਹੇਠ ਜਾਰੀ ਕੀਤ੍ਰੇ ਸੀ[੨੧] ॥ ਪਹਿਲੇ ਸਿੱਕੇ ਬਾਕੀ ਫੁਲਕੀਆਂ ਰਿਆਸਤਾਂ ਵਾਂਙ ਅਹਮਿਦ ਸ਼ਾਹ ਅਬਦਾਲੀ ਦੇ ਨਾਉਂ ਹੇਠ ਸੀ ਪਰ ਵਿ:ਸੰ: ੧੯੯੨ ਤੋਂ ਨੱਭਾ ਰਿਆਸਤ ਨੇ ਗੋਬਿੰਸ਼ਾਹੀ ਸਿੱਕੇ ਜਾਰੀ ਕਰਨੇ ਸ਼ੁਰੂ ਕੀਤ੍ਰੇ ॥ ਸਿੱਕੇ ਅਹਿਮਦ ਸ਼ਾਹ ਅਬਦਾਲੀ ਦੇ ਨਾਉਂ ਹੇਠ ਜਾਰੀ ਕਰਨ ਦਾ ਮਤਲਬ ਛੇਤ੍ਰੀ ਹੀ ਨੱਭੇ ਦੇ ਰਾਜੇ ਨੂੰ ਸਮਝ ਆ ਗਇਆ ਅਤੇ ਇਹ ਸਿੱਕੇ ਘੜ੍ਹਨੇ ਬੰਦ ਕਰ ਦਿਤ੍ਰੇ ॥ ਭਾਵੇਂ ਨੱਭਾ ਰਿਆਸਤ ਅੰਗ੍ਰੇਜ਼ੀ ਹਕੂਮਤ ਨਾਲ ਬਾਕੀ ਫੁਲਕੀਆਂ ਰਿਆਸਤਾਂ ਵਾਂਙ ਖੜ੍ਹੀ ਸੀ ਪਰ ਰਾਜਾ ਦਵਿੰਦਰ ਸਿੰਘ ਨੇ ਲਾਹੌਰ ਦਰਬਾਰ ਦਾ ਸਾਥ ਪਹਿਲੀ ਸਿਖ ਅੰਗ੍ਰੇਜੀ ਜੰਗ'ਚ ਦਿਤ੍ਰਾ ਅਤੇ ਇਸ ਜੰਗ'ਚ ਲਾਹੌਰ ਦਰਬਾਰ ਦੀ ਹਾਰ ਮਗਰੋਂ ਰਾਜਾ ਦਵਿੰਦਰ ਸਿੰਘ ਤੋਂ ਨੱਭੇ ਦਾ ਇਕ ਚੁਥਾਈ ਹਿੱਸਾ ਖੋਹ ਲਇਆ ਗਇਆ ਅਤੇ ਰਾਜ ਤੋਂ ਬੇਦਖਲ ਕਰਕੇ ਇਸਦੇ ਸਤ੍ਰ ਵਰ੍ਹਿਆਂ ਦੇ ਪੁਤ੍ਰ ਨੂੰ ਤਖ੍ਰ ਤੇ ਬਿਠਾ ਦਿਤ੍ਰਾ[੨੨] ॥

ਨੱਭੇ ਦੇ ਸਿੱਕਿਆਂ'ਤੇ ਇਬਾਰਤ ਕੁਝ ਇਸ ਤਰ੍ਹਾਂ ਹੁੰਦੀ ਹੈ:

# ਦੇਗ (ਦਯਕ) ਤੇਗੋ ਫਤਹਿ ਨੁਸਰਤ ਬੇਦਰੰਗ (ਬਦਰਨਕ)

# ਯਾਫਤ ਅਜ਼ ਨਾਨਕ ੧੯੦੬ ਗੁਰ(ਕੋਰ)

# ਗੋਬਿੰਦ(ਕੋਬਨਦ) ਸਿੰਘ (ਸਨਕਹ)

ਅਤੇ ਸਿੱਕੇ ਦੇ ਦੂਜੇ ਪਾਸੇ ਦੀ ਇਬਾਰਤ ਕੁਝ ਇਸ ਤਰ੍ਹਾਂ ਹੈ:

# ਸਰਕਾਰ ਨੱਭਾ ਲਾਲ ਜਲੂਸ ੧੩ ਜ਼ਰਬ ਮੈਮਨਤ ਮਾਨੂਸ




ਇਸ ਸਿੱਕੇ ਦੀਆਂ ਤਸਵੀਰਾਂ । ਅਮਨ ਗਰੇਵਾਲ ਜੀ ਦੇ ਸਦਕੇ ॥

ਇਨ੍ਹਾਂ ਸਿੱਕਿਆਂ'ਤੇ ਜਾਰੀ ਕਰਨ ਦਾ ਵਰ੍ਹਾ ਸਿੱਧੇ ਪੱਸੇ ਤੇ ਹੁੰਦਾ ਹੈ । ਜਿਵੇਂ ਕਿ ਇਸ ਸਿੱਕੇ ਤੇ ਫਾਰਸੀ ਅੱਖਰਾਂ'ਚ ੧੯੦੬ ਘੜ੍ਹਿਆ ਹੋਇਆ ਹੈ ॥ ਇਹ ਸਿੱਕਾ ਭਰਪੂਰ ਸਿੰਘ ਦੇ ਰਾਜ ਕਾਲ'ਚ ਜਾਰੀ ਹੋਇਆ ਸੀ ॥ ਅਤੇ ਸਿੱਕੇ ਦਾ ਪੁੱਠਾ ਪੱਸਾ ਹੇਠਾਂ ਦੀ ਤਸਵੀਰ'ਚ ਹੈ ॥




ਇਹ ਸਿੱਕੇ ਦਾ ਪੁੱਠਾ ਪੱਸਾ ਹੈ ਅਤੇ ਇਸ'ਤੇ ਭੀ ਇਕ ਜਲੂਸ ਦਾ ਵਰ੍ਹਾ ਹੈ ॥ ਜੋ ਫਾਰਸੀ ਅਖਰਾਂ'ਚ ੧੩(١٣) ਘੜ੍ਹਿਆ ਹੋਇਆ ਹੈ ॥ ਜੋ ਇਹ ਜਲੂਸ ਦਾ ਵਰ੍ਹਾ "੧੩" ਹੈਂ ਇਹ ਜਿਵੇਂ ਲਾਹੌਰ ਦਰਬਾਰ ਦੇ ਸ੍ਰੀ ਅਮ੍ਰਿਤਸਰ ਅਤੇ ਲਾਹੌਰ ਟਕਸਾਲ ਦੇ ਸਿੱਕਿਆਂ'ਤੇ ਜੋ ਰੌਕਿਆ ਵਰ੍ਹਾ(frozen year) ਹੁੰਦਾ ਹੈ । ਜਾਪਦਾ ਹੈ ॥ ਇਸਦਾ ਮਤਲਬ ਜਿਵੇਂ ਕਿ ਅਸੀਂ ਗੁਰੂ ਨਾਨਕ ਸਾਹਿਬ ਜੀ ਦੀ ਸਾਖੀ'ਚ ਸੁਣਿਆ ਹੈ ਕਿ ਤੇਰਾਂ ਤੇਰਾਂ ਕਰਕੇ ਪੂਰਾ ਮੋਦੀਖਾਨ੍ਹਾ ਲੁਟਾ ਦਿਤ੍ਹਾ ਪਰ ਹਿਸਾਬ ਕਰਨ ਵੇੱਲੇ ਕੋਈ ਕਮੀ ਨਹੀਂ ਲੱਭੀ । ਸੋ ਸ਼ਾਇਦ ਇਹ ਰਾਜ ੧੩(ਤੇਰਾ) ਜਾਂ ਗੁਰੂ ਦਾ ਹੈ । ਵੱਲ ਇਸ਼ਾਰਾ ਹੋ ਸਕਦਾ ਹੈ ॥ ਮਤਲਬ ਕਿ ਇਹ ਰਾਜ ਗੁਰੂ ਦਾ ਬੱਕਸ਼ਿਆ ਹੋਇਆ ਅਤੇ ਉਧਾ ਹੀ ਹੈ ॥

## ਨਜੀਬਾਬਾਦ

ਨਜੀਬਾਬਾਦ ਗੰਗਾ ਅਤੇ ਜਮਨਾ ਦੇ ਦੋਆਬ'ਚ ਇਕ ਸ਼ਹਿਰ ਹੈ ॥ ਕਰੋੜਸਿੰਘੀਆ ਅਤੇ ਰਾਮਗੜ੍ਹੀਆ ਮਿਸਲਾਂ ਇਸ ਇਲਾਕੇ'ਚ ਕਾਫੀ ਸਰਗਰਮ ਰਹੀਆਂ ਨੇ ॥ ਵਿ: ਸੰ: ੧੮੪੧/੪੨(੧੫ ਫਰਵਰੀ ੧੭੮੫ ਈਸਵੀ) ਸਰਦਾਰ ਬਘੇਲ ਸਿੰਘ ਅਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੇ ਕੱਠੇ ਮੀਰਾਂਪੁਰ ਜੋ ਬਿਜਨੌਰ ਦੇ ਨੇੜ੍ਹੇ ਪਰ ਗੰਗਾ ਦਰਿਆ ਦੇ ਲਹਿੰਦੇ ਪੱਸੇ ਹੈ। ਧਾਵਾ ਬੋਲਿਆ ਅਤੇ ਬਰੇਲੀ ਤਾਂਈ ਛਾਪੇ ਮਾਰਣ ਦੀ ਸਲਾਹ ਕੀਤ੍ਰੀ[੨੩] ॥ ਬਿਜਨੌਰ ਗੰਗਾ ਦਰਿਆ ਦੇ ਚੜ੍ਹਦੇ ਪੱਸੇ ਜਾਂ ਪੂਰਬ ਵੱਲ ਹੈ ॥ ਇਹ ਸਾਰਾ ਇਲੱਕਾ ਨਜੀਬਾਬਾਦ ਦੇ ਨੇੜ੍ਹੇ ਤੇੜ੍ਹੇ ਹੀ ਹੈ ॥ ਨਜੀਬਾਬਾਦ ਦੇ ਸਿੱਖ ਸਿੱਕੇ ਸਿਰਫ ਪੈਸੇ ਅਤੇ ਧੇੱਲੇ ਹੀ ਹੁੰਦੇ ਨੇ ॥ ਹਜੇ ਤਾਂਈ ਨਜੀਬਾਬਾਦ ਦਾ ਕੋਈ ਸਿੱਖ ਰੁਪੱਈਆ ਨਹੀਂ ਲੱਭਿਆ ॥ ਇਨ੍ਹਾਂ ਸਿੱਕਿਆਂ'ਤੇ ਗੋਬਿੰਦਸ਼ਾਹੀ ਇਬਾਰਤ GSL.GEN ਘੜ੍ਹੀ ਹੁੰਦੀ ਹੈ ॥

# ਦੇਗ (ਦੇਕ) ਤੇਗੋ ਫਤਹਿ ਨੁਸਰਤ ਬੇਦਰੰਗ (ਬਦਰਨਕ)

# ਯਾਫਤ ਅਜ਼ ਨਾਨਕ ਗੁਰ(ਕੋਰ) ਗੋਬਿੰਦ(ਕੋਬਨਦ) ਸਿੰਘ (ਸਨਕਹ)

ਇਹ ਤਸਵੀਰ ਨਜੀਬਾਬਾਦ ਦੇ ਪੈਸੇ ਦਾ ਨਮੂਨਾ ਹੈ ॥ ਬਾਕੀ ਦੇ ਗੋਬਿੰਦਸ਼ਾਹੀ ਸਿੱਕਿਆਂ ਵਾਂਙ ਇਨ੍ਹਾਂ ਸਿੱਕਿਆਂ'ਤੇ ਭੀ ਇਬਾਰਤ ਹੇਠਿਉਂ ਸ਼ੁਰੂ ਹੋ ਉੱਪਰ ਨੂੰ ਜਾਂਦੀ ਹੈ ॥ ੪ ਅਤੇ ੫ ਗ੍ਰਾਮ ਦੇ ਜੋ ਇਸ ਸਿੱਕੇ ਦੇ ਨਾਲ ਦੇ ਸਿੱਕੇ ਹੁੰਦੇ ਨੇ। ਓਹ ਧੇੱਲੇ ਹੁੰਦੇ ਨੇ ॥




Image courtesy of Steve Album Rare Coins. ਇਹ ਤਸਵੀਰ ਸਟੀਵ ਐਲਬਮ ਰੇਅਰ ਕੋਇਨਜ਼ ਦੇ ਸਦਕੇ ॥

ਸਿੱਕਿਆਂ ਦੇ ਪੁੱਠੇ ਪੱਸੇ ਦੀ ਇਬਾਰਤ ਬਾਰੇ ਇਹ ਕਹਿਆ ਜਾਂਦਾ ਹੈ ਕਿ ਮੁਗਲਿਆ ਸਿੱਕਿਆਂ ਦਾ

ਪੁੱਠਾ (reverse die) ਇਸ੍ਤੁਮਾਲ ਕਰ ਇਹ ਸਿੱਕੇ ਘੜ੍ਹੇ ਜਾਂਦੇ ਸੀ ॥ ਪਰ ਇਹ ਗੱਲ ਠੀਕ ਨਹੀਂ ਜਾਪਦੀ ॥ ਇਨ੍ਹਾਂ ਸਿੱਕਿਆਂ ਦੇ ਪੁੱਠੇ ਪੱਸੇ ਜੋ ਵਰ੍ਹਾ ਘੜ੍ਹਿਆ ਹੁੰਦਾ ਹੈ ਓਹ ਬਹੁਤਾ ੪੦ ਜਾਂ ੪੧ ਹੁੰਦਾ ਹੈ ॥ ਚਲੋ ਜੇ ਇਹ ਮਨ੍ਹ ਭੀ ਲਈਏ ਕਿ ਇਹ ਮੁਗਲਿਆ ਜਲੂਸ ਵਰ੍ਹਾ ੪੦ ਜਾਂ ੪੧ ਹੈ ਤੇ ਫੇਰ ਇਹ ਈਸਵੀ'ਚ ੧੮੦੦ ਜਾਂ ੧੮੦੧ ਬਣਦਾ ਹੈ ॥ ਮਤਲਬ ਵਿੰ: ਸੰ: ੧੮੫੮ ਜਾਂ ੧੮੫੯ ਹੋਇਆ ॥

ਪਰ ਇਤਹਾਸ ਜੋ ਕਹਿੰਦਾ ਹੈ ਉਧੇ ਮੁਤਾਬਿਕ ਸਿੱਖਾਂ ਨੇ ਗੰਗਾ ਜਮਨਾ ਦੇ ਦੁਆਬ'ਚ ਹਮਲੇ ਕਰਨੇ ੧੭੬੪ ਈਸਵੀ'ਚ ਸ਼ੁਰੂ ਕੀਤ੍ਰੇ ਸੀ[੨੪] ਅਤੇ ਮਰਾਠਿਆਂ ਨਾਲ ਜੋ ਅਹਿਦਨਾਮਾ ਹੋਇਆ ਸੀ ਓਹ ਜਲੂਸ ਵਰ੍ਹੇ ੨੭ ਜਾਂ ੧੭੮੫ ਈਸਵੀ ਹੋਇਆ ਸੀ ਅਤੇ ਇਸ ਸਮਝੇਤੇ ਹੇਠ ਸਿੱਖਾਂ ਨੇ ਰੱਖੀ ਦਾ ਹੱਕ ਜਮਨਾ ਦੇ ਦੋਵੇਂ ਕੰਡਿਆਂ ਤੇ ਛੱਡਨਾ ਸੀ ਅਤੇ ਇਸਦਾ ਮੁਆਵਜ਼ਾ ਮਰਾਠਿਆਂ ਨੇ ਸਿੱਖਾਂ ਨੂੰ ਦੇਣਾਂ ਸੀ ਅਤੇ ਇਸਤੋਂ ਬਾਅਦ ਜੋ ਭੀ ਇਲਾਕਾ ਜਾਂ ਪੈਸਾ ਜਿਤ੍ਰਿਆ ਜਾਂਦਾ ਉਧਾ ਇਕ ਤਿਹਾਈ ਹਿੱਸਾ ਸਿੱਖਾਂ ਨੂੰ ਮਿਲਦਾ[੨੫] ॥

ਆਉ ਇਸ ਸਿੱਕੇ ਦਾ ਪੁੱਠਾ ਪੱਸਾ ਵੇੱਖੀਏ ਜਿਸਦੀ ਇਬਾਰਤ ਹੈ:

## ੪੧(ਜਲੂਸ) ਜ਼ਰਬ ਨਜੀਬਾਬਾਦ




Image courtesy of Steve Album Rare Coins. ਇਹ ਤਸਵੀਰ ਸਟੀਵ ਐਲਬਮ ਰੇਅਰ ਕੋਇਨਜ਼ ਦੇ ਸਦਕੇ ॥

ਸੋ ਇਹ ਜਲੂਸ ਵਰ੍ਹੇ ੪੦ ਅਤੇ ੪੧(ਇਸ ਸਿੱਕੇ ਤੇ) ਵਿ: ਸੰ: ਵਰ੍ਹੇ ਨੇ ॥ ਅਸੀਂ ਜਿਵੇਂ ਕਿ ਪਹਿਲਾਂ ਵੇਖ ਆਏ ਹਾਂ ਕਿ ਪਹਿਲੇ ਗੋਬਿੰਦਸ਼ਾਹੀ ਸਿੱਕਿਆਂ'ਤੇ ਜੋ ਵਿ: ਸੰ: ੧੮੪੧ ਵਰ੍ਹਾ ਹੁੰਦਾ ਹੈ ਓਹ ਰੋਕਿਆ ਹੋਇਆ ਜਾਂ (frozen year) ਹੁੰਦਾ ਹੈ ਫੇਰ ਇਨ੍ਹਾਂ ਤੇ ਸਿੱਕਿਆਂ'ਤੇ ਇਹ ਰੋਕਿਆ ਵਰ੍ਹਾ ਕਿਉਂ ਨਹੀਂ ਹੋ ਸਕਦਾ?

ਇਕ ਵਾਰ ਫੇਰ ਸਰਦਾਰ ਬਘੇਲ ਸਿੰਘ ਅਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਦੇ ਜੀਵਨ'ਤੇ ਵਿ: ਸੰ: ੧੮੫੮ ਅਤੇ ੧੮੫੯ ਦੇ ਸਮਿਆਂ'ਤੇ ਝਾਤ੍ਹੀ ਮਾਰੀਏ ॥ ਸਰਦਾਰ ਬਘੇਲ ਸਿੰਘ ਇਨ੍ਹਾਂ ਸਮਿਆਂ'ਚ ਜਲੰਧਰ ਦੁਆਬ'ਚ ਅਪਨੇ ਰਿਆਸਤ ਦੇ ਕੰਮ ਕਾਜ'ਚ ਰੁੱਝੇ ਹੋਏ ਸੀ ਅਤੇ ਰਾਜੇ ਜੀਂਦ ਦੀ ਮਦਦ'ਚ ਅਪੜੇ ਜਦੋਂ ਜੌਰਜ ਟੋਮਸ ਨੇ ਜੀਂਦ ਤੇ ਹਮਲਾ ਕੀਤ੍ਹਾ । ਅਤੇ ਰਾਮਗੜ੍ਹੀਆਂ ਸਰਦਾਰਾਂ ਨਾਲ ਜੰਗਾ'ਚ ਆਹਲੂਵਾਲੀਆ ਸਰਦਾਰਾਂ ਦੀ ਮਦਦ ਕੀਤ੍ਹੀ [੨੬]॥

ਮਰਾਠਿਆਂ ਨਾਲ ਜੋ ਅਹਿਦਨਾਮਾ ਹੋਇਆ ਸੀ ਓਹ ਸਰਦਾਰ ਬਘੇਲ ਸਿੰਘ ਦੀ ਪਹਿਲ ਨਾਲ ਹੋਇਆ ਸੀ ॥ ਅਤੇ ਗੋਕਲ ਚੰਦ ਨਾਰੰਗ ਆਪਣੀ ਕਿਤਾਬ Transformation of Sikhism'ਚ ਲਿਖਦੇ ਨੇ ਕਿ ਜਿਸ ਵੇੱਲੇ ਮੁਗਲ ਸ਼ਹਿਜ਼ਾਦੇ ਜਵਾਨ ਬਖੁ ਨੇ ਸਿੱਖਾਂ ਖਿਲਾਫ ਮੋਰਚਾ ਲਾਇਆ ਤਾਂ ਸਭਤੋਂ ਪਹਿਲਾਂ ਸਰਦਾਰ ਬਘੇਲ ਸਿੰਘ ਨੇ ਮੁਗਲਿਆ ਫੌਜ'ਚ ਨੌਕਰੀ ਕੀਤ੍ਹੀ ਅਤੇ ਇਸ ਫੌਜ ਦਾ ਪਟਿਆਲਾ ਅਤੇ ਬਾਕੀ ਫੁਲਕੀਆਂ ਰਿਆਸਤਾਂ ਅਤੇ ਘਨ੍ਹਈਆ ਅਤੇ ਰਾਮਗੜ੍ਹੀਆ ਮਿਸਲਾਂ ਨੇ ਮੁਕਾਬਲਾ ਕਰ ਫਤਹਿ ਹਾਸਿਲ ਕੀਤ੍ਹੀ ॥ ਸੋ ਬਘੇਲ ਸਿੰਘ ਸਿਖ ਇਬਾਰਤਾਂ ਦੇ ਸਿੱਕੇ ਵਿ: ਸੰ: ੧੮੫੮/੫੯'ਚ ਮੁਗਲਿਆ ਹਕੂਮਤ ਹੇਠਾਂ ਜਾਰੀ ਕਿਵੇਂ ਕਰ ਸਕਦੇ ਸੀ?[੨੭] ਸਰਦਾਰ ਬਘੇਲ ਸਿੰਘ ਵਿ: ਸੰ: ੧੮੫੯'ਚ ਅਕਾਲ ਚਲਾਣਾ ਕਰ ਗਏ[੨੮] ॥

ਇਹ ਸਿੱਕੇ ਭੀ ਬਾਕੀ ਦੇ ਵਿ: ਸੰ: ੧੮੪੧ ਦੇ ਜਾਰੀ ਕੀਤ੍ਹੇ ਹੋਏ ਸਿੱਖ ਸ਼ਿੱਕਿਆਂ ਦੀ ਜਮਾਤ ਦੇ ਹੀ ਨੇ ॥

**ਪੈਸੇ**

ਸਿਖ ਰਾਜ ਦੇ ਪੈਸਿਆਂ ਤੇ ਜੋ ਫਾਰਸੀ ਦੀਆਂ ਇਬਾਰਤਾਂ ਹੁੰਦੀਆਂ ਨੇ । ਬਹੁਤਿਆਂ ਸਿੱਕਿਆਂ'ਤੇ ਗੋਬਿੰਦਸ਼ਾਹੀ ਇਬਾਰਤ GSL.GEN ਹੀ ਹੁੰਦੀ ਹੈ ਜਿਵੇਂ ਕਿ ਇਸ ਸ੍ਰੀ ਅਮ੍ਰਿਤਸਰ ਟਕਸਾਲ ਦੇ ਪੈਸੈ ਤੇ ॥




ਇਹ ਸਿੱਕਾ ਪਾਅ ਆਨ੍ਹਾ ਨਾਨਕਸ਼ਾਹੀ ਕਿਸਮ ਦਾ ਸਿੱਕਾ ਹੈ ॥ ਇਕ ਆਨ੍ਹੇ'ਚ ਚਾਰ ਪੈਸੇ ਹੁੰਦੇ ਸੀ ॥ ਸੋ ਪਾਅ ਆਨ੍ਹੇ ਦਾ ਮਤਲਬ ਹੋਇਆ ਆਨ੍ਹੇ ਦਾ ਪਾੱਇਆ ਹਿੱਸਾ ਜਾਂ ਇਕ ਚੁਥਾਈ ਜਾਂ ਇਕ ਪੈਸਾ ॥ ਸਿੱਕੇ ਦਾ ਪੁੱਠਾ ਪਾੱਸਾ ਹੇਠਾਂ ਦਿਤ੍ਤੀ ਤਸਵੀਰ'ਚ ਹੈ ॥




پاانہ نانک شاہی

ਹੀ ਸ਼ਾ ਨਕ ਨਾ ਹਨ ਅ ਪਾ

ਇਹ ਪੁੱਠੇ ਪਾੱਸੇ ਦੀ ਇਬਾਰਤ ਹੈ ਅਤੇ ਇਸਨੂੰ ਪਾ ਆਨਾ ਨਾਨਕ ਸ਼ਾਹੀ ਪੜ੍ਹਨਾ ਹੈ ॥

## ਨਾਨਕਸ਼ਾਹੀ ਇਬਾਰਤ ਅੰਬਰਤਸਰ੍ਰੀ (NSL.ABSR)

ਇਹ ਇਬਾਰਤ ਸੱਭਤੋਂ ਪਹਿਲਾਂ ਸ੍ਰੀ ਅਮ੍ਰਿਤਸਰ ਟਕਸਾਲ ਦੇ ਸਿੱਕਿਆਂ'ਤੇ ਵੇਖਣ ਨੂੰ ਮਿਲੀ ॥ ਇਹ ਸਿੱਕੇ ਪਹਿਲੀ ਵਾਰੀ ਵਿ: ਸੰ: ੧੮੩੨'ਚ ਜਾਰੀ ਹੋਏ ਸੀ । ਅਤੇ ਇਹ ਇਬਾਰਤ ਇਸ ਟਕਸਾਲ ਦੇ ਸਿੱਕਿਆਂ'ਤੇ ਵਿ: ਸੰ: ੧੮੩੮ ਤਾਂਈ ਵੇਂਖਣ ਨੂੰ ਮਿਲੀ ॥ ਇਸ ਇਬਾਰਤ ਨੂੰ ਅਸੀਂ ਨਾਨਕਸ਼ਾਹੀ ਇਬਾਰਤ ਅੰਬਰਤਸਰ੍ਰੀ NSL.ABSR ਦਾ ਨਾਂਉਂ ਇਸਲਈ ਦਿਤ੍ਰਾ ਹੈ ਕਿਉਂਕਿ ਇਨ੍ਹਾਂ ਸਿੱਕਿਆਂ'ਤੇ ਟਕਸਾਲ ਦਾ ਨਾਉਂ ਅੰਬਰਤਸਰ ਘੜ੍ਰਿਆ ਮਿਲਦਾ ਹੈ ॥ ਇਹ ਇਬਾਰਤ ਹੈ:

سکه زد بر هر دو عالم فضل سچا

ਚਾਸ ਲਜ਼ਫ ਮਲ ਆ ਵ ਦ ਰਹ ਰਬ ਦ ਜ਼ ਹਕਸ

ਮਲਆ ਦੋ ਰਹ ਕਾਸਿ

صاحب است

ਤਸ ਅ ਬਹ ਸਾ

فتح سعی کورکو بند سنگه شاه نانک

ਕਨ ਨਾ ਹ ਸ਼ਾ ਹਕਨਸ ਦਨਬ ਕੋ ਰ ਕੋ ਈਸ ਹਤਫ

ਘਸਿੰ ਦਬਿੰ ਗੋ ਰਗੁ

وا هب است

ਤਸ ਅ ਬਹ ਅ ਵ

ਸੋ ਇਸ ਇਬਾਰਤ ਨੂੰ ਇੰਞ ਪੜ੍ਹਾਂਗੇ:

## ਸਿੱਕਾ ਜ਼ਦ[੨੯] ਬਰ[੩੦] ਹਰ[੩੧] ਦੋ ਆਲਮ[੩੨]

## ਫਜ਼ਲ[੩੩] ਸੱਚਾ ਸਾਹਿਬ ਅਸ੍ਤੁ[੩੪]

## ਫਤਹਿ ਸਈ[੩੫] ਗੁਰ ਗੋਬਿੰਦ ਸਿੰਘ

## ਸ਼ਾਹ ਨਾਨਕ ਵਾਹਿਬ[੩੬] ਅਸ੍ਤੁ

ਇਸਦਾ ਮਤਲਬ ਹੈ ਕਿ ਇਹ ਸਿੱਕਾ ਜੋ ਸੱਚਾ ਸਾਹਿਬ ਹੈ(ਅਸ੍ਤੁ) ਉਸਦੀ ਮੇਹਰਬਾਨ੍ਹੀ(ਬਰ ਅਤੇ ਫਜ਼ਲ) ਨਾਲ ਦੋਵੇਂ ਲੋਕਾਂ(ਆਲਮ) ਜਾਂ ਲੋਕ ਪਰਲੋਕ ਪਰ ਫ਼੍ਹਿਧਾ ਭਾਵਅ੍ਰਥ ਮੀਰੀ ਪੀਰੀ ਨਿੱਕਲਦਾ ਹੈ। ਵਾਸ੍ਤੇ ਘੜ੍ਹਿਆ(ਜ਼ਦ) ਗਇਆ ਹੈ ॥ ਅਤੇ ਫਤਹਿ ਗੁਰੂ ਗੋਬਿੰਦ ਸਿੰਘ ਜੀ ਜੋ ਪਾਤਸ਼ਾਹ(ਸ਼ਾਹ)ਨਾਨਕ ਹੀ ਹਨ ਦੀ ਬਖਸ਼ਸ਼(ਵਾਹਬ) । ਦੇ ਜਤਨ(ਸਈ) ਨਾਲ ਹਾਸਿਲ ਹੁੰਦੀ ਹੈ ॥

ਆਓ ਇਹ ਇਬਾਰਤ ਸਿੱਕੇ ਤੇ ਵੇਂਖੀਏ ॥




ਰੰਗੀਨ ਅੱਖਰ ਹੀ ਸਿੱਕੇ ਉਤ੍ਰੇ ਘੜ੍ਹੇ ਹੋਏ ਨੇ ॥ ਇਹ ਇਬਾਰਤ ਸਿੱਕੇ'ਤੇ ਹੇਠਿਓਂ ਸ਼ੁਰੂ ਹੁੰਦੀ ਹੈ ਅਤੇ ਉੱਪਰ ਨੂੰ ਜਾਂਦੀ ਹੈ ॥ ਗੋਬਿਦਸ਼ਾਹੀ ਸਿੱਕਿਆਂ ਵਾਂਙ ਇਨ੍ਹਾਂ ਸਿੱਕਿਆਂ'ਤੇ ਭੀ ਇਬਾਰਤ ਤਿੰਨ ਹਿੱਸਿਆਂ'ਚ ਹੁੰਦੀ ਹੈ ॥ ਵਿਚਕਾਰਲਾ ਹਿੱਸਾ ਦੋ ਲੰਮੀਆ ਲਕੀਰਾਂ ਨਾਲ ਇਲਾਇਦਾ ਕੀਤ੍ਰਾ ਗਇਆ ਹੈ ॥ ਹੇਠਿਓਂ ਪਹਿਲੀ ਲੰਮੀ ਲਕੀਰ ਅਸੁ ਲਫਜ਼ ਦਾ "ਤ" ਹੈ ॥ "ਅ" ਸਿੱਕੇ ਤੇ ਘੜ੍ਹ ਨਹੀਂ ਹੋਇਆ ਅਤੇ ਸਲੇਟੀ ਰੰਗ'ਚ ਇਸ ਤਸਵੀਰ'ਚ ਵਿਖਾਇਆ ਗਇਆ ਹੈ ॥ ਸਿੱਕਾ ਜ਼ਦ ਬਰ ਹਰ ਦੋ ਆਲਮ ਹੇਠਿਓਂ ਪਹਿਲੀ ਲੰਮੀ ਲਕੀਰ ਦੇ ਹੇਠਾਂ ਹੈ ॥ ਇਸ ਉਤ੍ਰੇ "ਫਤਹ ਸਈ ਗੁਰ ਗੋਬਿੰਦ ਸਿੰਘ ਫਜ਼ਲ ਸਚ੍ਚਾ ਸਾ" ਹੈ ਅਤੇ ਇਸਦੇ ਉੱਪਰ ਦੂਜੀ ਲੰਮੀ ਲਕੀਰ ਹੈ । ਜੋ ਸਾਹਬ ਦਾ "ਬ" ਹੈ ॥ "ਸਾ" ਸਿੱਕੇ ਤੇ ਘੜ੍ਹ ਨਹੀਂ ਹੋਇਆ ਇਸਲਈ ਸਲੇਟੀ ਰੰਗ'ਚ ਹੈ ॥ ਇਸਦੇ ਉਤ੍ਰੇ "ਸ਼ਾਹ ਨਾਨਕ ਵਾਹਬ ਅਸੁ" ਹੈ ਪਰ ਇਸ ਸਿੱਕੇ ਤੇ ਸ਼ਾਹ ਨਾਨਕ ਅਤੇ ਵਾਹਬ ਦੇ "ਵ" ਦਾ ਹੀ ਕੁਝ ਹਿੱਸਾ ਘੜ੍ਹ ਹੋਇਆ ਹੈ ॥

ਅਤੇ ਸਿੱਕੇ ਦੇ ਪੁੱਠੇ ਪਾੱਸੇ ਦੀ ਇਬਾਰਤ ਕੁਝ ਇਸ ਤਰ੍ਹਾਂ ਹੈ:

جلوس بخت اکال تخت سمبت ١٨٣٥

੧੮੩੫ ਤਬਮਸ ਤਖਤ ਲ ਕਾ ਅ ਤਖਬ ਸ ਵਲਜ

ਤਬਸੰ ਸ ਲੂਜ

سنہ ضرب سری ابرت جیو

ਵਯਜ ਤ ਰਬ ਅ ਈ ਰਸ ਬ ਰਜ਼ ਹਨਸ

ਓਜੀ ਸ੍ਰੀ

ਜਿਵੇਂ ਕਿ ਅਸੀ ਸਿੱਧੇ ਪਾੱਸੇ'ਚ ਵੇੱਖਿਆ । ਪੂਰੀ ਇਬਾਰਤ ਸਿੱਕੇ ਤੇ ਨਹੀਂ ਘੜ੍ਹੀ ਹੁੰਦੀ ਇੱਸੇ ਤਰ੍ਹਾਂ ਪੁੱਠੇ ਪਾੱਸੇ ਤੇ ਭੀ ਜੋ ਸਿੱਕੇ ਤੇ ਨਹੀਂ ਘੜ੍ਹ ਹੋਇਆ ਓਹ ਸਲੇਟੀ ਰੰਗ'ਚ ਹੈ ॥ ਇਬਾਰਤ ਹੇਠਿਓਂ ਸ਼ੁਰੂ ਹੋ ਕੇ ਉਤ੍ਹੇ ਨੂੰ ਜਾਂਦੀ ਹੈ ॥ ਪਹਿਲੀ ਲੰਮੀ ਲਕੀਰ ਸੰਬਤ ਦਾ "ਤ" ਹੈ ਅਤੇ ਦੂਜੀ ਲੰਮੀ ਲਕੀਰ ਜ਼ਰਬ ਦਾ "ਬ" ਹੈ ॥


ਸਰ
ਬਰ
ਈ ਸਰ
ਅ
ਜਯਵ
ਸਨਹ
ਤ
ਜ਼ਰ
ਬ
ਜਲਵ
੧
੮
੩
੫
ਸ
ਅ
ਕਾ
ਲ
ਸੰਮਬਤ
ਤਖਤ
ਬਖਤ

## ਨਾਨਕਸ਼ਾਹੀ ਇਬਾਰਤ ਆਮ (NSL.GEN)

ਇਹ ਇਬਾਰਤ ਬਹੁਤੇ ਸ੍ਰੀ ਅਮ੍ਰਿਤਸਰ ਟਕਸਾਲ ਅਤੇ ਨਮਕ ਜਾਂ ਪਿੰਡ ਦਾਦਨ ਖਾਂ ਟਕਸਾਲ ਦੇ ਸਿੱਕਿਆਂ'ਤੇ ਵੇਖਣ ਨੂੰ ਮਿਲਦੀ ਹੈ ॥ ਇਹ ਇਬਾਰਤ ਨਾਨਕਸ਼ਾਹੀ ਇਬਾਰਤ ਅੰਬਰਤਸਰੀ ਵਰਗੀ ਹੀ ਹੈ ਸਿਰਫ ਫਰਕ ਇਨ੍ਹਾ ਹੈ ਕਿ ਸਈ سعی ਲਫਜ਼ ਬਦਲ ਕੇ ਤੇਘ تغ ਕਰ ਦਿਤ੍ਰਾ ਗਇਆ ॥ ਸੋ ਇਹ ਇਬਾਰਤ ਇੰਝ ਹੈ:

سکه زد بر هردو عالم فضل سچا

ਚਾਸ ਲਜ਼ਫ ਮਲ ਆ ਵ ਦ ਰਹ ਰਬ ਦ ਜ਼ ਹਕਸ

ਮਲਆ ਦੋ ਰਹ ਕਾਸਿ

صاحب است

ਤਸ ਅ ਬਹ ਸਾ

فتح تغ لورلو بند سنکه شاه نانک

ਕਨ ਨਾ ਹ ਸ਼ਾ ਹਕਨਸ ਦਨਬ ਲੋ ਰ ਲੋ ਘਤ ਹਤਫ

ਘਸਿੰ ਦਬਿੰ ਗੋ ਰਗੁ

وا حب است

ਤਸ ਅ ਬਹ ਅ ਵ

ਇਸ ਇਬਾਰਤ ਨੂੰ ਇੰਞ ਪੜ੍ਹਣਾ ਹੈ:

**ਸਿੱਕਾ ਜ਼ਦ ਬਰ ਹਰ ਦੋ ਆਲਮ ਫਜ਼ਲ ਸੱਚ੍ਹਾ ਸਾਹਿਬ ਅਸੁ**

**ਫਤਹਿ ਤੇਗ ਗੁਰ ਗੋਬਿੰਦ ਸਿੰਘ ਸ਼ਾਹ ਨਾਨਕ ਵਾਹਿਬ ਅਸੁ**

ਇਸਦਾ ਮਤਲਬ ਹੈ ਕਿ ਇਹ ਸਿੱਕਾ ਜੋ ਸੱਚਾ ਸਾਹਿਬ ਹੈ(ਅਸੁ) ਉਸਦੀ ਮੇਹਰਬਾਨ੍ਹੀ(ਬਰ ਅਤੇ ਫਜ਼ਲ) ਨਾਲ ਦੋਵੇਂ ਲੋਕਾਂ (ਆਲਮ) ਜਾਂ ਲੋਕ ਪਰਲੋਕ ਪਰ ਝੂਧਾ ਭਾਵਅ੍ਰਥ ਇੱਥੇ ਹੈ ਮੀਰੀ ਪੀਰੀ । ਵਾਸ੍ਹੇ ਘੜ੍ਹਿਆ (ਜ਼ਦ) ਗਇਆ ਹੈ। ਅਤੇ ਫਤਹਿ ਗੁਰੂ ਗੋਬਿੰਦ ਸਿੰਘ ਜੀ ਜੋ ਪਾਤਸ਼ਾਹ(ਸ਼ਾਹ) ਨਾਨਕ ਹੀ ਹਨ । ਦੀ ਬਖਸ਼ਸ਼(ਵਾਹਿਬ) । ਦੀ ਤੇਗ ਨਾਲ ਹਾਸਿਲ ਹੁੰਦੀ ਹੈ ॥



ਇਹ ਇਬਾਰਤ ਗੋਬਿੰਦਸ਼ਾਹੀ ਇਬਾਰਤ ਨਾਲ ਬਹੁਤਾ ਇਤਫਾਕ ਰੱਖਦੀ ਹੈ(ਦੇਗ ਤੇਗ ਫਤਹਿ) ਜੋ ਗੁਰੂ ਸਾਹਿਬਾਂ ਖਾਸ ਕਰ ਕੇ ਗੁਰੂ ਗੋਬਿੰਦ ਸਿੰਘ ਦੀਆਂ ਪੁਰਾਣੀਆਂ ਤਸਵੀਰਾਂ'ਚ ਨਿਸ਼ਾਨਾਂ'ਤੇ ਵੇਂਖਿਆ ਜਾ ਸਕਦਾ ਹੈ ॥ ਇਹ ਇਬਾਰਤ ਸੱਭਤੋਂ ਪਹਿਲਾਂ ਸ੍ਰੀ ਅਮ੍ਰਿਤਸਰ ਟਕਸਾਲ ਦੇ ਸਿੱਕਿਆਂ'ਤੇ ਵਿ: ਸੰ: ੧੮੩੮'ਚ ਘੜ੍ਹੀ ਜਾਣ ਲਗ੍ਗੀ ਸੀ ॥

ਇਹ ਇਬਾਰਤ ਭੀ ਹੇਠਿਓਂ ਸ਼ੁਰੂ ਹੁੰਦੀ ਹੈ ॥ ਪਹਿਲੀ ਲੰਮੀ ਲਕੀਰ ਅਸ੍ਰ ਦਾ "ਤ" ਹੈ ॥ ਇਸਦੇ ਉੱਪਰ ਫਤੇ ਤੇਘ ਗੁਰ ਗੋਬਿੰਦ ਸਿੰਘ ਫਜ਼ਲ ਸਾਹਿਬ ਦਾ "ਸਾ" ਘੜ੍ਹਿਆ ਹੋਇਆ ਹੈ ਅਤੇ ਇਸ ਉੱਪਰ ਜੋ ਲੰਮੀ ਲਕੀਰ ਹੈ ਸਾਹਬ ਦਾ "ਬ" ਹੈ ॥ ਲਕੀਰ ਉੱਪਰ ਸ਼ਾਹ ਨਾਨਕ ਵਾਹਬ ਅਸ੍ਰ ਘੜ੍ਹਿਆ ਹੋਇਆ ਹੈ ॥

ਸਿੱਕੇ ਦੇ ਪੁੱਠੇ ਪਾੱਸੇ ਦੀ ਇਬਾਰਤ ਕੁਝ ਇਸ ਤਰ੍ਹਾਂ ਹੈ:

جلوس میمنت مانوس بخت اکال تخت

ਤਖਤ ਲ ਕਾ ਅ ਤਖਬ ਸ ਵਨ ਮਾ ਤਨਮਯਮ ਸ ਵਲਜ

۱۸۴۴ سنہ ضرب سری امرت سر جیو

ਵਯਜ ਰਸ ਤ ਰਮ ਅ ਈ ਰਸ ਬ ਰਜ਼ ਹਨਸ ੧੮੪੪

ਸੋ ਇਹ ਇਬਾਰਤ ਨੂੰ ਠੀਕ ਤਰ੍ਹਾਂ ਇੰਞ ਪੜ੍ਹਾਂਗੇ:

**ਜਲੂਸ ਮੈਮਨਤ ਮਾਨੂਸ ਬਖਤ ਅਕਾਲ ਤਖਤ**

**੧੮੪੪ ਸਨਾ ਜ਼ਰਬ ਸ੍ਰੀ ਅਮਰਤਸਰ ਜੀਓ**

ਇਸਦਾ ਮਤਲਬ ਹੈ ਅਕਾਲ ਤਖਤ ਦਾ ਖੁਸ਼ਹਾਲ ਅਤੇ ਅਮਨ ਭਰਿਆ(ਮੈਮਨਤ ਮਾਨੂਸ) ਕਿਸਮਤ(ਬਖਤ) ਵਾਲੇ ਰਾਜ(ਜਲੂਸ) ਵਿਚ ਵਿ: ਸੰ: ੧੮੪੪ ਵਰ੍ਹੇ'ਚ(ਸਨਾ[37]) ਸ੍ਰੀ ਅਮ੍ਰਿਤਸਰ'ਚ ਘੜ੍ਹਿਆ (ਜ਼ਰਬ) ਗਇਆ ॥

ਅਤੇ ਹੇਠਾਂ ਤਸਵੀਰ'ਚ ਪੁੱਠੇ ਪਾੱਸੇ ਦੀ ਇਬਾਰਤ ਨੂੰ ਸਿੱਕੇ'ਤੇ ਵੇਂਖਿਆ ਜਾ ਸਕਦਾ ਹੈ ॥



ਮਰ
ਸਰ
ضر
ਜ਼ਰ
ਸਰ
ਬਖਤ
مر
ਅ
سر
ਤ
ਈ
ਬ
ی
بخت
میمنت
ਮਯਮਨਤ
تخت
ਤਖਤ
ਸ
جلو
੧੮੪੪
ਜਲਵ
ਲ
ਮਾ
ਕਾ
ਸ
ਸਨਹ
ਅ
ਨਵ

## ਪਿੰਡ ਦਾਦਨ ਖਾਂ ਜਾਂ ਨਮਕ

**ਪਿੰਡ ਦਾਦਨ ਖਾਂ ਦੇ ਸਿੱਕਿਆਂ'ਤੇ ਨਾਨਕਸ਼ਾਹੀ ਇਬਾਰਤ ਹੀ ਹੁੰਦੀ ਹੈ ॥ ਇਕ ਨਮੂਨਾ ਹੇਠਾਂ ਵੇੱਖਿਆ ਜਾ ਸਕਦਾ ਹੈ**




Image courtesy of Steve Album Rare Coins. ਇਹ ਤਸਵੀਰ ਸਟੀਵ ਐਲਬਮ ਰੇਅਰ ਕੋਇਨਜ਼ ਦੇ ਸਦਕੇ

ਅਤੇ ਸਿੱਕੇ ਦਾ ਪੁੱਠਾ ਪਾੱਸਾ ਕੁਝ ਇਸ ਤਰ੍ਹਾਂ ਹੁੰਦਾ ਹੈਃ




Image courtesy of Steve Album Rare Coins. ਇਹ ਤਸਵੀਰ ਸਟੀਵ ਐਲਬਮ ਰੇਅਰ ਕੋਇਨਜ਼ ਦੇ ਸਦਕੇ

ਇਨ੍ਹਾਂ ਸਿੱਕਿਆਂ'ਤੇ ਟਕਸਾਲ ਦਾ ਨਾਉਂ "ਨਮਕਸ਼ਾਹੀ" ਲਿਖਿਆ ਮਿਲਦਾ ਹੈ। ਜਿਵੇਂ ਇਸ ਸਿੱਕੇ'ਤੇ ॥

## ਨਾਨਕਸ਼ਾਹੀ ਇਬਾਰਤ ਲਾਹੌਰੀ ਮੁਲਤਾਨੀ (NSL.LM)

ਇਹ ਇਬਾਰਤ ਲਾਹੌਰ ਅਤੇ ਮੁਲਤਾਨ ਦੇ ਨਾਨਕਸ਼ਾਹੀ ਸਿੱਕਿਆਂ'ਤੇ ਲੱਭਦੀ ਹੈ ॥ ਲਾਹੌਰ ਦੇ ਰੁਪੱਈਆਂ ਅਤੇ ਮੋਹਰਾਂ ਤੇ ਵਿ: ਸੰ: ੧੮੪੧'ਚ ਗੋਬਿਦਸ਼ਾਹੀ ਇਬਾਰਤ ਦੀ ਜਗ੍ਹਾ ਨਾਨਕਸ਼ਾਹੀ ਇਬਾਰਤ ਘੜ੍ਹੀ ਜਾਣ ਲਗ ਪਈ ॥ ਇਸੇ ਤਰ੍ਹਾਂ ਮੁਲਤਾਨ'ਤੇ ਜਦੋਂ ਸਿੱਖਾਂ ਦਾ ਦੁਬਾਰਾ ਕਬਜ਼ਾ ਮਹਾਰਾਜਾ ਰਣਜੀਤ ਸਿੰਘ ਦੇ ਰਾਜ'ਚ ਹੋਇਆ ਤਾਂ ਜੋ ਸਿੱਕੇ ਘੜ੍ਹੇ ਗਏ ਓਨ੍ਹਾਂ'ਤੇ ਇਹੀ ਇਬਾਰਤ ਘੜ੍ਹੀ ਗਈ ॥

سکه زد بر سیم وزر فضل سچا

ਚਾਸ ਲਜ਼ਫ ਰ ਜ਼ ਵ ਮਯਸ ਰਬ ਦ ਜ਼ ਹਕਸ

ਕਾਸਿ

صاحب است

ਤਸ ਅ ਬਹ ਸਾ

از فتح تیغ لو بند سنکه نانک

ਕਨ ਨਾ ਹਕਨਸ ਦਨਬ ਲੋ ਘਤ ਹਤਫ ਜ਼ ਅ

ਘਸਿੰ ਦਬਿੰ ਗੋ

شاهان واهب است

ਤਸ ਅ ਬਹ ਅ ਵ ਨ ਹਾ ਸ਼ਾ

ਸੋ ਇਸ ਇਬਾਰਤ ਨੂੰ ਇੰਞ ਪੜ੍ਹਾਂਗੇ:

## ਸਿੱਕਾ ਜ਼ਦ ਬਰ ਸਿਮ[੩੮] ਵਾ ਜ਼ਰ[੩੯] ਫਜ਼ਲ ਸੱਚਾ ਸਾਹਿਬ ਅਸ੍ਰ

## ਅਜ਼ ਫਤਹਿ ਤੇਗ ਗੁਰ ਗੋਬਿੰਦ ਸਿੰਘ


## ਨਾਨਕ ਸ਼ਾਹਾਨ[੪੦] ਵਾਹਿਬ ਅਸ੍ਰ

ਇਸਦਾ ਮਤਲਬ ਹੈ ਸਿੱਕਾ ਸੋਨੇ(ਸਿਮ) ਅਤੇ ਚਾਂਦੀ(ਜ਼ਰ)'ਚ ਜੋ ਸੱਚਾ ਸਾਹਿਬ ਹੈ(ਅਸ੍ਰ) ਉਸਦੀ ਮੇਹਰ(ਫਜ਼ਲ) ਸਦਕਾ ਘੜ੍ਹਿਆ(ਜ਼ਦ) ਗਇਆ ਅਤੇ ਜੋ ਫਤਹਿ ਹੈ(ਅਜ਼) ਓਹ ਗੁਰੂ ਗੋਬਿੰਦ ਸਿੰਘ ਜੀ ਦੀ ਤੇਗ ਅਤੇ ਜੋ(ਗੁਰੁ ਗੋਬਿੰਦ ਸਿੰਘ)ਨਾਨਕ ਹੀ ਹਨ। ਪਾਤਸ਼ਾਹਾਂ(ਸ਼ਾਹਾਨ। ਸ਼ਾਹ ਦਾ ਬਹੁਵਚਨ ਹੈ) ਦੀ ਬਖਸ਼ਸ਼(ਵਾਹਬ) ਨਾਲ ਹਾਸਿਲ ਹੁੰਦੀ ਹੈ ॥

ਹਾਂਸ਼ ਹਰਲੀ ਨੇ ਜੋ ਇਹ ਇਬਾਰਤ[੪੧] ਆਪਣੀ ਕਿਤਾਬ The coins of the Sikhs'ਚ ਦਿਤ੍ਰੀ ਹੈ ਓਹ ਥੋੜ੍ਹੀ ਅੱਡ ਹੈ ॥ ਹਾਂਸ਼ ਹਰਲੀ ਸਾਹਿਬ ਨੇ ਓਹ ਇੰਞ ਕਿਉਂ ਨਹੀਂ ਪੜ੍ਹੀ। ਸਾਨੂੰ ਨਹੀਂ ਪਤਾ ਪਰ ਸਾੱਡੀ ਸਮਝ ਦੇ ਹਿਸਾਬ ਨਾਲ ਇਸ ਨੂੰ ਇੰਞ ਹੀ ਪੜ੍ਹਨਾ ਚਾਹਿਦਾ ਹੈ ॥

ਨਾਨਕਸ਼ਾਹੀ ਲਾਹੌਰੀ ਸਿੱਕਿਆਂ'ਤੇ ਅਜ਼ از ਲਫਜ਼ ਫਤਹ ਲਫਜ਼ فتح ਦੇ ਸੱਜੇ ਪਾੱਸੇ ਹੋਣ ਕਰਕੇ ਬਹੁਤ ਘਟ੍ਹ ਸਿੱਕਿਆਂ'ਤੇ ਘੜ੍ਹਿਆ ਹੋਣ ਕਰਕੇ ਸ਼ਾਇਦ ਹਰਲੀ ਸਾਹਿਬ ਦੀ ਨਿਗਾਹ'ਚ ਨਹੀਂ ਆਇਆ ॥

ਦੂਸਰਾ ਅਸੀਂ ਜੇ ਬਾਅਦ ਵਾਲੇ ਸ੍ਰੀ ਅਮ੍ਰਿਤਸਰ ਟਕਸਾਲ ਦੇ ਗੋਬਿੰਦਸ਼ਾਹੀ ਸਿੱਕਿਆਂ'ਤੇ ਮੁੜ ਝਾੜ੍ਹੀ ਮਾਰੀਏ ਤਾਂ ਵੇਖਾਂਗੇ ਕਿ ਜਿਵੇਂ ਹਰ ਸਿੱਕੇ ਤੇ ਇਬਾਰਤ ਤਿੰਨ ਹਿੱਸਿਆਂ'ਚ ਘੜ੍ਹੀ ਹੁੰਦੀ ਹੈ ਅਤੇ ਸੱਭਤੋਂ ਹੇਠਾਂ ਵਾਲੇ ਹਿੱਸੇ'ਚ ਫਤਹਿ ਅਤੇ ਵਿਚਕਾਰਲੇ ਹਿੱਸੇ'ਚ ਤੇਗ ਘੜ੍ਹਿਆ ਮਿਲਦਾ ਹੈ ਜਦਕਿ ਇਬਾਰਤ'ਚ ਇਹ ਲਫਜ਼ ਇਕਤੋਂ ਬਾਅਦ ਇਕ ਪੜ੍ਹੇ ਜਾਂਦੇ ਨੇ "ਫਤਹਿ ਤੇਗ" ਜੇ ਇਬਾਰਤ ਨੂੰ ਜਿਸ ਤਰ੍ਹਾ ਸਿੱਕਿਆਂ'ਤੇ ਓਹ ਘੜ੍ਹੀ ਹੁੰਦੀ ਹੈ ਉਸਨੂੰ ਉਸ ਤਰ੍ਹਾਂ ਹੀ ਪੜ੍ਹੀਏ ਤੇ ਫੇਰ ਪੜ੍ਹਿਆ ਜਾਵੇਗਾ: "ਦੇਗੋ ਫਤਹਿ ਨੁਸਰਤ ਬੇਦਰੰਗ ਤੇਗ ਗੁਰੂ ਗੋਬਿੰਦ ਸਿੰਘ ਯਾਫਤ ਅਜ਼ ਨਾਨਕ"॥ ਸੋ ਇਸਲਈ ਇਸ ਨਾਨਕਸ਼ਾਹੀ ਇਬਾਰਤ ਨੂੰ ਹਾਂਸ ਹਰਲੀ ਸਾਹਿਬ ਦੀ ਤਰਜ਼ ਤੇ ਪੜ੍ਹਣਾ ਠੀਕ ਨਹੀਂ ਹੈ ਅਤੇ ਇਸ ਨੂੰ ਉਸ ਤਰ੍ਹਾਂ ਪੜ੍ਹਨਾ ਥੋੜ੍ਹਾ ਬੇਤੁਕਾ ਜਾਪਦਾ ਹੈ ॥ ਇਸ ਇਬਾਰਤ ਦੀ ਦੂਸਰੀ ਸਤਰ ਨੂੰ "ਫਤਹਿ ਗੋਬਿੰਦ ਸਿੰਘ ਸ਼ਾਹਾਨ ਤੇਗ ਨਾਨਕ ਵਾਹਿਬ ਅਸ੍ਤ" ਪੜ੍ਹਨ ਨਾਲ ਇਸ ਸਤਰ ਦਾ ਮਤਲਬ ਹੋਇਆ ਕਿ ਫਤਹਿ ਗੋਬਿੰਦ ਸਿੰਘ ਜੀ ਜੋ ਸ਼ਾਹਾਨ(ਬਹੁਵਚਨ ਹੈ ਸ਼ਾਹ ਇਕਵਚਨ ਹੁੰਦਾ) ਨੇ ਅਤੇ ਗੁਰੂ ਨਾਨਕ ਸਾਹਿਬ ਦੀ ਤੇਗ ਨਾਲ ਇਕ ਨੇ(ਵਾਹਿਬ)॥ ਅਤੇ ਜੇ ਫੇਰ ਇਹ ਮਤਲਬ ਕੱਢੀਏ ਕਿ ਸ਼ਾਹਾਨ। ਗੁਰੂ ਗੋਬਿੰਦ ਸਿੰਘ ਜੀ ਅਤੇ ਨਾਨਕ ਸਾਹਿਬ ਦੀਆਂ ਤੇਗਾਂ ਨਾਲ ਫਤਹਿ ਹੁੰਦੀ ਹੈ ਤਾਂ ਭੀ ਇਹ ਠੀਕ ਨਹੀਂ ਹੈ ਕਿਉਂਕਿ ਤੇਗ ਤਾ ਚਲਨ ਤਾਂ ਸ੍ਰੀ ਗੁਰੂ ਹਰਗੋਬਿੰਦ ਪਾਤਸ਼ਾਹ ਤੋ ਹੀ ਸ਼ੁਰੂ ਹੋਇਆ ਹੈ ॥




ਇੱਸੇ ਤਰ੍ਹਾਂ ਜੇ ਅਸੀਂ ਪਿਸ਼ਾਵਰੀ ਸਿੱਕਿਆਂ'ਤੇ ਮੁੜ ਝਾੜ੍ਹੀ ਮਾਰੀਏ ਤਾਂ ਵੇਖਾਂਗੇ ਕਿ ਇਬਾਰਤ ਵਿਚਕਾਰੋਂ ਸ਼ੁਰੂ ਹੁੰਦੀ ਹੈ ॥ ਜੇ ਉਸਨੂੰ ਹੇਠਿਓਂ ਪੜ੍ਹੀਏ ਤਾਂ ਇਬਾਰਤ ਨੂੰ ਪੜ੍ਹਾਂਗੇ:

"ਗੁਰੂ ਗੋਬਿੰਦ ਸਿੰਘ ਨਾਨਕ ਦੇਗ ਤੇਗ ਫਤਹਿ ਨੁਸਰਤ ਬੇਦਰੰਗ ਅਜ਼ ਯਾਫਤ"

ਸੋ ਕੀ ਇਬਾਰਤਾਂ ਨੂੰ ਜਿਸ ਤਰਤੀਬ(sequence)'ਚ ਉਹ ਸਿੱਕੇ ਤੇ ਘੜ੍ਹੀਆਂ ਹੁੰਈਆਂ ਨੇ। ਪੜ੍ਹਨਾ ਠੀਕ ਹੈ? ਜੇ ਇਸ ਸਵਾਲ ਦਾ ਜੁਆਬ ਹਾਂ ਹੈ ਤੇ ਫੇਰ ਸਾੱਡੇ ਕੋਲ ਬਹਿਸ ਲਈ ਕੁਝ ਭੀ ਨਹੀਂ ਹੈ ॥ ਗੋਬਿੰਦਸ਼ਾਹੀ ਇਬਾਰਤ ਤਾਂ ਅਸੀਂ ਗੁਰਮੁਖੀ ਵਾਲੇ ਸਿੱਕਿਆਂ'ਤੇ ਭੀ ਵੇਖ ਸਕਦੇ ਹਾਂ ਸੋ ਸਾਨ੍ਹੂ ਪਤਾ ਹੈ ਕਿ ਕਿਸ ਤਰਤੀਬ ਨਾਲ ਇਹ ਇਬਾਰਤ ਹੁੰਦੀ ਹੈ ॥ ਹੇਠਾਂ ਕਸ਼ਮੀਰ ਟਕਸਾਲ ਦੇ ਇਕ ਗੁਰਮੁਖੀ ਰੁਪਈਏ ਤੇ ਇਬਾਰਤ ਪੜ੍ਹੀ ਜਾ ਸਕਦੀ ਹੈ ॥

ਇਸ ਸਿੱਕੇ ਤੇ ਇਬਾਰਤ ਇਸ ਤਰ੍ਹਾਂ ਹੈ:

ਦੇਗੁਤੇਗਫਤਹ। ਨਸ੍ਰਤਿਬੇਦਿਰੰਗ ।ਯਾਫਤਅਜਨਾ। ਨਕਗੁਰਗੋਬੰਦਸਿੰਘ ॥



ਅਤੇ ਜੇ ਮੁੜ ਫਾਰਸੀ ਇਬਾਰਤ ਵਾਲੇ ਕਸ਼ਮੀਰ ਦੇ ਸਿੱਕੇ ਵੇਂਖੀਏ ਤਾਂ ਇਨ੍ਹਾਂ ਤੇ ਭੀ ਜਿਸ ਤਰਤੀਬ ਨਾਲ ਇਬਾਰਤ ਘੜ੍ਹੀ ਹੁੰਦੀ ਹੈ। ਪੜ੍ਹਿਏ ਤਾਂ ਇਬਾਰਤ ਹੋਵੇਗੀ "ਨੁਸਰਤ ਬੇਦਰੰਗ ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ ਦੇਗੋ ਤੇਗੋ ਫਤਹੋ" ਜੋ ਅਸੀਂ ਜਾਣਦੇ ਹਾਂ ਕਿ ਠੀਕ ਨਹੀਂ ਹੈ ॥

ਹੇਠਾਂ ਲਾਹੌਰ ਟਕਸਾਲ ਦੇ ਨਾਨਕਸ਼ਾਹੀ ਸਿੱਕਿਆ ਦੀ ਸਿੱਧੇ ਪੱਸੇ ਦੀ ਤਸਵੀਰ ਹੈ। ਜਿਸ'ਚ ਅਜ਼ از ਲਫਜ਼ ਸਾਫ ਪੜ੍ਹਿਆ ਜਾ ਸਕਦਾ ਹੈ ॥ ਸੋ ਹਜੇ ਤਾਂਈ ਇਹ ਇਬਾਰਤ ਗਲਤ ਹੀ ਪੜ੍ਹੀ ਜਾਂਦੀ ਰਹੀ ਹੈ ॥



Image courtesy of Steve Album Rare Coins.
ਤਸਵੀਰ ਸਟੀਵ ਐਲਬਮ ਰੇਅਰ ਕੌਇਨਜ਼ ਦੇ ਸਦਕੇ ॥

ਸਿੱਕਿਆਂ ਦੇ ਪੁੱਠੇ ਪੱਸੇ ਦੀ ਇਬਾਰਤ ਭੀ ਠੀਕ ਉਹੀ ਹੈ ਜੋ ਗੋਬਿੰਦਸ਼ਾਹੀ ਸਿੱਕਿਆਂ'ਤੇ ਘੜ੍ਹੀ ਹੁੰਦੀ ਹੈ ॥ ਜੋ ਹੈ:

## ਜਲੂਸ ਮੈਮਨਤ ਮਾਨੂਸ ਸੰਬਤ ੧੮੬੪

## ਜ਼ਰਬ ਦਾਰ ਅਸਲਤਨਾ ਲਾਹੌਰ

ਸਿੱਕੇ ਤੇ ਘੜ੍ਹੀ ਹੋਈ ਇਬਾਰਤ ਇਸ ਤਸਵੀਰ'ਚ ਹੈ ॥



## ਮੁਲਤਾਨ

ਮੁਲਤਾਨ ਤੇ ਜਦੋਂ ਸਿੱਖਾਂ ਦਾ ਮੁੜ ਕਬਜਾ ਹੋਇਆ। ਓਨ੍ਹਾਂ ਨੇ ਮੁੜ ਮੁਲਤਾਨ ਟਕਸਾਲ ਤੋਂ ਸਿੱਕੇ ਜਾਰੀ ਕੀਤ੍ਹੇ ॥ ਇਨ੍ਹਾਂ ਤੇ ਜੋ ਇਬਾਰਤ ਸੀ ਓਹ ਹੂਬਹੂ ਲਾਹੌਰ ਟਕਸਾਲ ਦੇ ਸਿੱਕਿਆਂ'ਤੇ ਜੋ ਨਾਨਕਸ਼ਾਹੀ ਇਬਾਰਤ ਘੜ੍ਹੀ ਹੁੰਦੀ ਹੈ। ਨਾਲ ਮੇਲ ਖਾਂਦੀ ਹੈ ॥ ਆਓ ਇਹ ਇਬਾਰਤ ਸਿੱਕੇ ਤੇ ਵੇਂਖੀਏ ॥



ਸਿੱਕੇ ਦੇ ਪੁੱਠੇ ਪੱਸੇ ਦੀ ਇਬਾਰਤ ਭੀ ਲਾਹੌਰ ਟਕਸਾਲ ਦੇ ਸਿੱਕਿਆਂ ਵਰਗੀ ਹੀ ਹੈ ॥ ਹੇਠਾਂ ਦਿੱਤ੍ਰੀ ਤਸਵੀਰ'ਚ ਇਹ ਵੇਖੀ ਜਾ ਸਕਦੀ ਹੈ ॥



## ਗੁਰਮੁਖੀ ਇਬਾਰਤਾਂ

ਗੁਰਮੁਖੀ ਇਬਾਰਤਾਂ ਸਿੱਖਾਂ ਦੇ ਪੈਸਿਆਂ ਤੇ ਹੀ ਲੱਭਦੀਆਂ ਨੇ ॥ ਕਸ਼ਮੀਰ ਟਕਸਾਲ ਦੇ ਕੁਝ ਰੁਪੱਈਆਂ ਤੇ ਗੋਬਿੰਦਸ਼ਾਹੀ ਇਬਾਰਤ ਗੁਰਮੁਖੀ'ਚ ਘੜ੍ਹੀ ਹੋਈ ਲੱਭਦੀ ਹੈ ਪਰ ਓਹ ਆਮ ਚੱਲਣ ਵਾਲੇ ਸਿੱਕੇ ਨਹੀਂ ਸੀ ॥

## ਗੁਰਮੁਖੀ ਇਬਾਰਤ ਆਮ (GML.GEN)

ਇਹ ਇਬਾਰਤ ਸ੍ਰੀ ਅਮ੍ਰਿਤਸਰ ਟਕਸਾਲ ਦੇ ਪੈਸਿਆਂ ਅਤੇ ਧੇਲਿਆਂ ਦੇ ਸਿੱਧੇ ਪੱਸੇ ਵੇਖਣ ਨੂੰ ਮਿਲਦੀ ਹੈ । ਇਹ ਇਸ ਤਰ੍ਹਾਂ ਹੁੰਦੀ ਹੈ:

**ਅਕਾਲ ਸਹਾਇ ਗੁਰੂ ਨਾਨਕ ਜੀ**



ਠੱਪਾ ਜਾਂ ਡਾਈ ਵੱਡੀ ਹੋਣ ਕਰਕੇ ਪੂਰੀ ਇਬਾਰਤ ਸਿੱਕਿਆਂ'ਤੇ ਘੜ੍ਹ ਨਹੀਂ ਹੁੰਦੀ ਸੀ ॥ ਪੈਸਿਆਂ ਦਾ ਵਜਨ ੮ ਤੋਂ ੧੨ ਗ੍ਰਾਮ ਦਰਮਿਆਨ ਹੁੰਦਾ ਹੈ ਅਤੇ ਧੇਲਿਆਂ ਦਾ ੫ ਤੋਂ ੬ ਗ੍ਰਾਮ ਦਰਮਿਆਨ ॥ ਇਕ ਪੈਸੇ'ਚ ਦੋ ਧੇਲੇ ਹੁੰਦੇ ਨੇ ॥

ਕਦੇ ਕਦੇ ਪਾਈਆਂ ਅਤੇ ਟਕੇ[੮੩] ਭੀ ਵੇੱਖਣ'ਚ ਔਂਦੇ ਨੇ ॥ ਟਕੇ'ਚ ਦੋ ਪੈਸੇ ਹੁੰਦੇ ਨੇ ਜਾਂ ਇਸਨੂੰ ਅੱਧਾ ਆਨ੍ਹਾ ਭੀ ਕਹਿਆ ਜਾਂਦਾ ਸੀ ॥ ਧੇੱਲੇ'ਚ ਵੈਸੇ ਤਾਂ ਤਿੰਨ ਪਾਈਆਂ ਹੁੰਦੀਆਂ ਸੀ ਪਰ ਸਿੱਖ ਪਾਈਆਂ ਦਾ ਵਜਨ ਢਾਈ ਤੋ ਤਿੰਨ ਗ੍ਰਾਮ ਦਰਮਿਆਨ ਹੁੰਦਾ ਹੈ ॥

ਇਨ੍ਹਾਂ ਸਿੱਕਿਆਂ ਦੀ ਪੁੱਠੇ ਪਾੱਸੇ ਦੀ ਇਬਾਰਤ ਕੁਝ ਇਸ ਤਰ੍ਹਾਂ ਹੁੰਦੀ ਹੈ:

## ਜ਼ਰਬ ਸ੍ਰੀ ਅੰਬਰਤਸਰ ਜੀ

ਅਮ੍ਰਿਤਸਰ ਨੂੰ ਸਿੱਕਿਆਂ'ਤੇ ਅੰਬਰਤਸਰ ਲਿਖਿਆ ਹੋਇਆ ਮਿਲਦਾ ਹੈ ॥ ਆਮ ਬੋਲ ਚਾਲ ਦੀ ਜ਼ਬਾਨ'ਚ ਅਮ੍ਰਿਤਸਰ ਨੂੰ ਹਜੇ ਭੀ ਅੰਬਰਸਰ ਕਿਹਾ ਜਾਂਦਾ ਹੈ ॥ ਪਤ੍ਰਾ ਬਹੁਤਿਆਂ ਸਿੱਖ ਸਿੱਕਿਆਂ'ਤੇ ਹੁੰਦਾ ਹੈ ਅਤੇ ਇਹ ਵਿ: ਸੰ: ੧੮੪੧'ਚ ਪਹਿਲੀ ਵਾਰੀ ਸ੍ਰੀ ਅਮ੍ਰਿਤਸਰ ਟਕਸਾਲ ਦੇ ਸਿੱਕਿਆਂ'ਤੇ ਘੜ੍ਹਿਆ ਗਇਆ ਸੀ ॥ ਆਉ ਇਹ ਇਬਾਰਤ ਸਿੱਕਿਆਂ'ਤੇ ਵੇੱਖੀਏ ॥



## ਗੁਰਮੁਖੀ ਇਬਾਰਤ ਬਾਬਾ ਨਾਨਕ (GML.Baba Nanak)

**ਸ੍ਰੀ ਅਮ੍ਰਿਤਸਰ ਟਕਸਾਲ ਦੇ ਕੁਝ ਪੈਸੇ ਜੋ ਵਿ: ਸੰ: ੧੯੦੦ ਤੋ ਜਾਰੀ ਹੋਨੇ ਸ਼ੁਰੂ ਹੋਏ ਓਨ੍ਹਾਂ ਤੇ ਇਹ ਇਬਾਰਤ ਲੱਭਦੀ ਹੈ ॥ ਸਿੱਕੇ ਦੇ ਦੂਜੇ ਪੱਸੇ ਫਾਰਸੀ'ਚ ਯਕ ਫਲੂਸ ਘੜ੍ਹਿਆ ਹੋਇਆ ਮਿਲਦਾ ਹੈ ॥ ਫਲੂਸ[੯੨] ਫਾਰਸੀ'ਚ ਤਾਂਬੇ ਦੇ ਪੈਸੇ ਨੂੰ ਕਹਿੰਦੇ ਨੇ ॥ ਇਹ ਇਬਾਰਤ ਹੈ:**

# ਬਾਬਾ ਨਾਨਕ ਜੀ ਸਹਾਇ

**ਅਤੇ ਸਿੱਕੇ ਦੇ ਪੁੱਠੇ ਪੱਸੇ ਫਾਰਸੀ ਅਖਰਾਂ'ਚ ਲਿਖਿਆ ਹੁੰਦਾ ਹੈ:**

# یک فلوس

**ਜਿਸਦਾ ਮਤਲਬ ਹੈ:**

# ਯਕ ਫਲੂਸ



**ਟਿੱਪਣੀਆਂ :**


੧. On The Coins of Sikhs, Journal of Asiatic Society of Bengal VOL L PART 1. (HISTORY, ANTIQUITIES, &c.)

੨. Journal of Asiaitic Society of Bengal Vol XXXIII pp 434 - 440

੩. Sikh Coinage Symbol of Sikh Sovereignty Surinder Singh p 22

੪. https://en.wikipedia.org/wiki/Two-cent_piece_(United_States)

੫. ਮਦਦ । ਸਹਾਇਤਾ ਪੰਨਾ ੬੯੩ ਫਾਰਸੀ ਪੰਜਾਬੀ ਸ਼ਬਦਕੋਸ਼ ਪੰਜਾਬੀ ਯੂਨੀਵਰਸਿਟੀ ਪਟਿਆਲਾ

੬. Immediately, without delay(ਯਕਦਮ । ਬਿਨਾ ਦੇਰੀ ਦੇ) p 100 Concise Dictionary of Persian Language E. H. Palmer, Trubner & Co, London

੭. ਆਮਦਨ । ਕਮਾਈ । ਲੱਭਣਜੋਗ । ਖਟ੍ਰੀ ॥ ਪੰਨਾ ੭੫੬ ਫਾਰਸੀ ਪੰਜਾਬੀ ਸ਼ਬਦਕੋਸ਼ ਪੰਜਾਬੀ ਯੂਨੀਵਰਸਿਟੀ ਪਟਿਆਲਾ

੮. From, of, by, for (ਕਿਸੇ ਵੱਲੋਂ । ਕਿਸੇ ਦਾ । ਕਿਸੇ ਵਾਸ੍ਤੇ । ਕਿਸੇ ਲਈ ) p 21 Concise Dictionary of Persian Language E. H. Palmer, Trubner & Co, London

੯. A Grammar of the Persian Language, Sir William Jones p 20

੧੦. Ibid p8

੧੧. ਹੁਕਮਨਾਮੇਂ ਸੰਪਾਦਕ ਸ: ਗੰਡਾ ਸਿੰਘ ਪੰਨੇ ੧੯੨ ਤੋਂ ੧੯੪

੧੨. Persian Influence on Hindi, Ambika Prasad Vajpeyi, U of Calcutta 1935 Edition p 1

੧੩. The Copper Coins of India, W. H. Valentine Part 1 p 42

੧੪. Ibid p 43

੧੫. Ibid p 44

੧੬. A Grammar of the Urdu or Hindustani Language. John Dowson, Trubner London p 9

੧੭. Ibid p 11

੧੮. Punjab State Gazetteers Vol XVII A. Phulkian States Patiala Jind and Nabha p 342

੧੯. The Copper Coins of India, W. H. Valentine Part 1 p 38

੨੦. A Manual of Musalman Numismatics p 135

੨੧. Punjab State Gazetteers Vol XVII A Phulkian States Patiala Jind and Nabha p 341

੨੨. Ibid p 342

੨੩. Calendar of Persian corespondence Vol VII p 68, ਸਿਖ ਮਿਸਲਾਂ ਸੋਹਣ ਸਿੰਘ ਸੀਤਲ ਪੰਨਾ ੧੨੫

੨੪. History of the Sikhs 1739 - 1768 (Rise of the Sikh Confederacies) Hari Ram Gupta p 198

੨੫. Calendar of Persian corespondence Vol VII p 68

੨੬. ਸਿਖ ਮਿਸਲਾਂ ਸੋਹਣ ਸਿੰਘ ਸੀਤਲ ਪੰਨਾ ੧੨੭

੨੭. History of Sikh Misals, Bhagat Singh p 184

੨੮. Transformation of Sikhism Gokal Chand Narang p 281

੨੯. ਮਾਰ । ਮਾਰਿਆ । ਕੁਟ੍ਰਿਆ । ਫਾਰਸੀ ਪੰਜਾਬੀ ਸ਼ਬਦਕੋਸ਼ ਪੰਜਾਬੀ ਯੂਨੀਵਰਸਿਟੀ ਪਟਿਆਲਾ । ਪੰਨਾ ੩੯੨

੩੦. ਮੇਹਰਬਾਨ  Ibid ਪੰਨਾ ੩੯੨
੩੧. ਹਰ ਕੋਈ । ਸੱਭ Ibid ਪੰਨਾ ੭੪੪
੩੨. ਜਹਾਨ । ਸ੍ਰਿਸ਼ਟੀ Ibid ਪੰਨਾ ੪੮੦
੩੩. ਬਖਸ਼ਸ਼ । ਮੇਹਰ Ibid ਪੰਨਾ ੫੧੫
੩੪. ਹੈ Ibid ਪੰਨਾ ੨੮
੩੫. ਕੋਸ਼ਸ਼ । ਨਠ ਭਜ । ਜਤਨ Ibid ਪੰਨਾ ੪੩੦
੩੬. ਬਖਸ਼ਨਾ। ਬਖਸ਼ਸ਼ । ਮੇਹਰ Ibid ਪੰਨਾ ੭੪੦
੩੭. ਵਰ੍ਹਾ Concise Dictionary of Persian Language E. H. Palmer, Trubner & Co, London p 361
੩੮. ਚਾਂਦੀ Ibid ਪੰਨਾ ੩੭੦
੩੯. ਸੋਨਾ । ਫਾਰਸੀ ਪੰਜਾਬੀ ਸ਼ਬਦਕੋਸ਼ ਪੰਜਾਬੀ ਯੂਨੀਵਰਸਿਟੀ ਪਟਿਆਲਾ ਪੰਨਾ ੩੯੩
੪੦. ਸ਼ਾਹ ਦਾ ਬਹੁਵਚਨ । ਫਾਰਸੀ ਪੰਜਾਬੀ ਸ਼ਬਦਕੋਸ਼ ਪੰਜਾਬੀ ਯੂਨੀਵਰਸਿਟੀ ਪਟਿਆਲਾ ਪੰਨਾ ੪੪੧
੪੧. Nanakshahi couplet II The Coins of the Sikhs, Second Ed, Hans Herrli p 30
੪੨. The Copper Coins of India, W. H. Valentine Part 1 p 41
੪੩.  ਦੋ ਪੈਸੇ ਜਾਂ ਰੁਪੱਈਏ ਦਾ ੧/੩੨ਵਾਂ ਹਿੱਸਾ ਪੰਜਾਬੀ ਅੰਗ੍ਰੇਜ਼ੀ ਕੋਸ਼ ਪੰਜਾਬੀ ਯੂਨੀਵਰਸਿਟੀ ਪਟਿਆਲਾ ਪੰਨਾ ੩੯੫

# ਸਿਖ ਰਾਜ ਦੇ ਸਿੱਕੇ ਜਾਰੀ ਕਰਨ ਵਾਲੇ ਸਰਦਾਰ

ਸਿਖ ਰਾਜ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹੰਦ ਫਤਹਿ ਕਰਕੇ ਸ਼ੁਰੂ ਕੀਤ੍ਾ ਸੀ ॥ ਪ੍ਰਾਚੀਨ ਪੰਥ ਪ੍ਰਕਾਸ਼'ਚ ਗਿਆਨੀ ਗਿਆਨ ਸਿੰਘ ਜੀ ਲਿਖਦੇ ਨੇ: "ਸਤ੍ਰਾਂ ਸੈ ਚੋਸਠ ਵਿਖੈ ਸਾਵਣ ਹਾੜ੍ਹ ਮਝਾਰ। ਬੰਦਾ ਚੜ੍ਹਿਓ ਨਦੇੜ ਤੈ ਕਰਕੇ ਮਾਰੋ ਮਾਰ ॥ ੪॥" ਇੱਥੇ ਸਤ੍ਰਾਂ ਸੈ ਚੋਸਠ ਵਿਕ੍ਰਮ ਸੰਮਤ ੧੭੬੪ ਹੈ ॥ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਸਿਖ ਪ੍ਰਭੁਤਾ ਚੰਲ ਦਾ ਸਫਰ ੧੭੬੪'ਚ ਸ਼ੁਰੂ ਹੋਇਆ ਸੀ ॥ ਇਹ ਕਹਿਆ ਜਾਂਦਾ ਹੈ ਕਿ ਬਾਬਾ ਜੀ ਨੇ ਸਿੱਕਾ ਜਾਰੀ ਕੀਤ੍ਾ ॥ ਇਹ ਇਕ ਡੂੰਘਾ ਵਿਸ਼ਾ ਹੈ ਅਤੇ ਇਸ੍ਤੇ ਰੋਸ਼ਨੀ ਪਾਉਣ ਵਾਸ੍ਤੇ ਇਕ ਅੱਡ ਕਿਤਾਬ ਲਿਖਣ ਦੀ ਲੋੜ ਹੈ ॥

## ਸਿਖ ਮਿਸਲਦਾਰ

ਸਿਖ ਮਿਸਲਾਂ ਨੇ ਸਿੱਕੇ ਵਿ: ਸੰ: ੧੮੨੨ ਤੋਂ ਲੈਕੇ ਵਿ: ਸੰ: ੧੮੫੬[੧] ਜਾਂ ੧੭੯੯ ਈਸਵੀ ਤਾਂਈ ਲਾਹੌਰ ਤੋਂ ਅਤੇ ਵਿ: ਸੰ: ੧੮੩੨ ਤੋਂ ਲੈਕੇ ਵਿ: ਸੰ: ੧੮੬੧ ਤਾਂਈ ਸ੍ਰੀ ਅਮ੍ਰਿਤਸਰ ਤੋਂ ਜਾਰੀ ਕੀਤ੍ੇ ॥ ਲਾਹੌਰ'ਤੇ ਵਿ: ਸੰ: ੧੮੫੬'ਚ ਅਤੇ ਸ੍ਰੀ ਅਮ੍ਰਿਤਸਰ'ਤੇ ਵਿ: ਸੰ: ੧੮੬੧'ਚ ਮਹਾਰਾਜਾ ਰਣਜੀਤ ਸਿੰਘ ਦਾ ਕਬਜ਼ਾ ਹੋ ਗਇਆ[੨] ॥ ਡਾ: ਸੁਰਿੰਦਰ ਸਿੰਘ ਜੀ ਦਾ ਮਨਣਾ ਸੀ ਕਿ ਮਹਾਰਾਜਾ ਰਣਜੀਤ ਸਿੰਘ ਦਾ ਕਬਜ਼ਾ ਵਿ: ਸੰ: ੧੮੬੨'ਚ ਸ੍ਰੀ ਅਮ੍ਰਿਤਸਰ'ਤੇ ਹੋਇਆ ਸੀ[੩] ॥ ਸੋ ਇਨ੍ਹਾਂ ਤਰੀਕਾਂ ਤੋਂ ਬਾਅਦ ਸਿਖ ਰਾਜ ਇਕ ਮਹਾਰਾਜੇ ਹੇਠ ਸਲ੍ਤਨਤ ਬਨ ਗਇਆ ॥

ਮਹਾਰਾਜਾ ਰਣਜੀਤ ਸਿੰਘ ਦਾ ਜਨਮ ਵਿ: ਸੰ: ੧੮੩੭'ਚ ਲਹਿੰਦੇ ਪੰਜਾਬ ਦੇ ਗੁਜਰਾਂਵਾਲਾ ਸ਼ਹਿਰ'ਚ ਹੋਇਆ ॥ ਨਾਲ ਹੀ ਇਕ ਵਿ: ਸੰ: ੧੮੩੭ ਦਾ ਸਿੱਕਾ ॥



ਮਹਾਰਾਜਾ ਰਣਜੀਤ ਸਿੰਘ ਦੇ ਜਨਮ ਵਰ੍ਹੇ ਦਾ ਸਿੱਕਾ

ਇਹ ਨਾਨਕਸ਼ਾਹੀ ਸਿੱਕਾ ਹੈ ਅਤੇ ਝ੍ਹਿਧੇ'ਤੇ ਨਾਨਕਸ਼ਾਹੀ ਅੰਬਰਤਸਰੀ NSL.ABSR ਇਬਾਰਤ ਘੜ੍ਹੀ ਹੋਈ ਹੈ ॥ ਇਸ ਸਿੱਕੇ ਨੂੰ ਅਸੀਂ ਜਮਾਤੀ ਨਾਂਉਂ ASR.37 ਦੇ ਸਕਦੇ ਹਾਂ ਜਿਸ ਨਾਲ ਇਸਨੂੰ ਪਛਾਨਣਾਂ ਅਤੇ ਝ੍ਹਿਧੇ ਬਾਰੇ ਗੱਲਾਂ ਸਾਂਝੀਆਂ ਕਰਨੀਆਂ ਸੌਖੀਆਂ ਹੋ ਜਾਂਦੀਆਂ ਨੇ ਤੇ ਸਾੱਨੂੰ ਕੈਟਾਲੋਗਾਂ'ਤੇ ਝਾਤ੍ਹੀ ਮਾਰਣ ਦੀ ਲੋੜ ਨਹੀਂ ॥ ASR ਮਤਲਬ

ਅਮ੍ਰਿਤਸਰ ਟਕਸਾਲ। 37 ਵਿ: ਸੰ: ੧੮੩੭ ॥ ਇਸ ਸਿੱਕੇ ਨੂੰ ਹਰਲੀ ਸਾਹਿਬ ਨੇ ੦੧.੦੩.੦੪[੪] ਦਾ ਨਾਂਉਂ ਦਿਤ੍ਾ ਹੈ ॥

## ਮਹਾਰਰਾਜਾ ਰਣਜੀਤ ਸਿੰਘ

ਸ਼ਾਹ ਮੁਹਮੰਦ ਸਿਖ ਰਾਜ ਦੇ ਦੌਰਾਨ ਇਕ ਉੱਘਾ ਕਵੀਸ਼ਰ ਹੋਇਆ ਹੈ ਅਤੇ ਆਪਣੇ ਜੰਗਨਾਮੇ'ਚ ਲਿਖਦਾ ਹੈ:

**ਮਹਾਂ ਬਲੀ ਰਣਜੀਤ ਸਿੰਘ ਹੋਇਆ ਪੈਦਾ।**

**ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।**

**ਮੁਲਤਾਨ ਕਸ਼ਮੀਰ ਪਸ਼ੌਰ ਚੰਬਾ।**

**ਜੰਮੂ ਕਾਂਗੜਾ ਕੋਟ ਨਿਵਾਇ ਗਿਆ।**

**ਹੋਰ ਦੇਸ਼ ਲਦਾਖ ਤੇ ਚੀਨ ਤੋੜੀ।**

**ਸਿੱਕਾ ਆਪਣੇ ਨਾਮ ਚਲਾਇ ਗਿਆ।**

**ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ।**

**ਅੱਛਾ ਰੱਜ ਕੇ ਰਾਜ ਕਮਾਇ ਗਇਆ ॥**

ਹੁਣ ਇੱਥੇ "ਸਿੱਕਾ ਆਪਣੇ ਨਾਮ ਚਲਾਇ ਗਿਆ" ਸਤਰ ਪੜ੍ਹਕੇ ਸਿੱਕਾ ਵਿਗਿਆਨੀ ਤਾਂ ਕਹਿੰਦੇ ਨੇ ਕਿ ਸ਼ਾਹ ਮੁਹਮੰਦ ਨੇ ਇਹ ਗਲਤ ਲਿਖਿਆ ਹੈ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਨਾਮ ਦਾ ਕੋਈ ਸਿੱਕਾ ਨਹੀਂ ਚਲਾਇਆ ॥ ਪਰ ਇੱਥੇ "ਸਿੱਕਾ ਆਪਣੇ ਨਾਮ ਚਲਾਇ ਗਿਆ" ਦਾ ਮਤਲਬ ਇਹ ਹੈ ਕਿ ਕਲ੍ਹੇ ਓਨ੍ਹੇ ਸਿੱਕਾ ਹੀ ਨਹੀਂ ਚਲਾਇਆ ਪਰ ਓੁਧਾ ਦਬਦਬਾ ਜਾਂ ਹੁਕਮ ਭੀ ਚੱਲਿਆ ਸੀ ॥ ਮੁਲਤਾਨ ਕਸ਼ਮੀਰ ਪਿਸ਼ਾਵਰ'ਚ ਤਾਂ ਮਹਾਰਾਜਾ ਰਣਜੀਤ ਸਿੰਘ ਦੇ ਦੌਰ'ਚ ਟਕਸਲਾਂ ਭੀ ਸੀ

ਅਤੇ ਅਸੀਂ ਇਨ੍ਹਾਂ ਟਕਸਾਲਾਂ ਦੇ ਸਿੱਕੇ ਪਿੱਛੇ ਵੇਖ ਹੀ ਆਏ ਹਾਂ ॥ ਜੰਮੂ ਅਤੇ ਲਦਾਖ'ਚ ਬਹੁਤਾ ਕਸ਼ਮੀਰ ਦਾ ਸਿੱਕਾ ਹੀ ਚਲਦਾ ਸੀ ॥ ਕੁਝ ਸਿੱਖ ਪੈਸਿਆਂ'ਤੇ ਫਾਰਸੀ'ਚ ਜ਼ਰਬ ਜੰਮੂ ਲਿਖਿਆ ਮਿਲਦਾ ਹੈ ॥ ਸੋ ਇਹ ਕਹਿਣਾ ਗਲਤ ਨਹੀਂ ਹੋਵੇਗਾ ਕੀ ਜੰਮੂ'ਚ ਭੀ ਸਿਖ ਟਕਸਾਲ ਸੀ ॥ ਲੱਦਾਖ ਦੇ ਸਿੱਕੇ ਜੋ ਲੱਭਦੇ ਨੇ । ਕਸ਼ਮੀਰ ਟਕਸਾਲ ਵਰਗੇ । ਓਹ ਗੁਲਾਬ ਸਿੰਘ ਡੋਗਰੇ ਦੇ ਪੁੱਤੁਰ ਰਣਬੀਰ ਸਿੰਘ ਦੇ ਰਾਜ'ਚ ਜਾਰੀ ਹੋਏ ਸੀ ॥ ਸੋ ਓਨ੍ਹਾਂ ਸਿੱਕਿਆਂ ਨੂੰ ਸਿਖ ਸਿੱਕੇ ਨਹੀਂ ਕਹਿਆ ਜਾ ਸਕਦਾ ॥



ਮਹਾਰਾਜਾ ਰਣਜੀਤ ਸਿੰਘ

ਸਿਖ ਮਿਸਲਾਂ ਦੇ ਭੰਗੀ ਸਰਦਾਰ ਲਹਿਣਾ ਸਿੰਘ ਅਤੇ ਗੁਲਾਬ ਸਿੰਘ । ਆਹਲੂਵਾਲੀਆ ਮਿਸਲ ਦੇ ਜੱਸਾ ਸਿੰਘ ਆਹਲੂਵਾਲੀਆ । ਰਾਮਗੜ੍ਹੀਆ ਮਿਸਲ ਦੇ ਜੱਸਾ ਸਿੰਘ ਰਾਮਗੜ੍ਹੀਆ । ਕਰੋੜਸਿੰਘੀਆ ਮਿਸਲ ਦੇ ਸਰਦਾਰ ਬਘੇਲ ਸਿੰਘ ਵਗੈਰ੍ਹਾ ਕਾਫੀ ਸਰਗਰਮ ਰਹੇ ਪਰ ਕਿਸੇ ਨੇ ਭੀ ਸਿੱਕਿਆਂ'ਤੇ ਆਪਣਾ ਨਾਉਂ ਨਹੀਂ ਘੜ੍ਹਿਆ ॥ ਮਹਾਰਾਜਾ ਰਣਜੀਤ ਸਿੰਘ ਨੇ ਭੀ ਇਹ ਰਵਾਇਤ ਅਗ੍ਹੇ ਤੋਰੀ ਰੱਖੀ ॥ ਸੋ ਇਹ ਕਹਿਣਾ ਬਹੁਤ ਮੁਸ਼ਕਿਲ ਹੈ ਕਿ ਕਿੜ੍ਹੇ ਸਰਦਾਰ ਨੇ ਕਿੜ੍ਹੇ ਸਿੱਕੇ ਘੜ੍ਹੇ ॥ ਪਰ ਜਿਵੇਂ ਕਿ ਸਾਨ੍ਹੂ ਪਤਾ ਹੈ ਲਾਹੌਰ ਅਤੇ ਮੁਲਤਾਨ'ਤੇ ਭੰਗੀਆਂ ਦਾ ਕਬਜ਼ਾ ਸੀ ਸੋ ਇਸਲਈ ਕਈ ਸਿੱਖ ਸਿੱਕਿਆਂ ਦੇ ਮਾਹਿਰਾਂ ਦਾ ਇਹ ਮਨਣਾ ਹੈ ਕਿ ਇਨ੍ਹਾਂ ਟਕਸਾਲਾਂ ਦੇ ਵਿਃ ਸੰਃ ੧੮੫੬ ਤਾਂਈ ਜੋ ਭੀ ਸਿੱਕੇ ਘੜ੍ਹੇ ਗਏ ਓਹ ਭੰਗੀ ਮਿਸਲ ਦੇ ਸਿੱਕੇ ਸੀ ॥

ਮਹਾਰਾਜਾ ਰਣਜੀਤ ਸਿੰਘ ਦੀ ਤਾਜਪੋਸ਼ੀ ਵਿਃ ਸੰਃ ੧੮੫੯'ਚ[੫] ਲਾਹੌਰ'ਚ ਹੋਈ ॥ ਇਹ ਚੇਤ੍ਹਾ ਰੱਖਣ ਵਾਲੀ ਗੱਲ ਹੈ ਕਿ ਸ੍ਰੀ ਅਮ੍ਰਿਤਸਰ'ਤੇ ਹਜੇ ਮਹਾਰਾਜਾ ਰਣਜੀਤ ਸਿੰਘ ਦਾ ਕਬਜਾ ਨਹੀਂ ਹੋਇਆ ਸੀ ਅਤੇ ਗੁਲਾਬ ਸਿੰਘ ਭੰਗੀ ਦਾ ਸ੍ਰੀ ਅਮ੍ਰਿਤਸਰ ਤੇ ਕਬਜਾ ਸੀ[੬] ॥ ਫੇਰ ਭੀ ਕਈ ਸਿਖ ਸਿੱਕਿਆਂ ਦੇ "ਮਾਹਿਰ" ਪਤ੍ਹੇ ਦੇ ਆਲੇ ਦੁਆਲੇ ਕਲੀਆਂ ਵਾਲੇ ਸਿੱਕਿਆਂ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਤਾਜਪੋਸ਼ੀ ਦਾ ਸਿੱਕਾ ਕਹਿੰਦੇ ਨੇ[੭] ॥ ਇਹ ਬੜੀ ਹਾੱਸੋ ਹੀਣੀ ਗੱਲ ਹੈ ॥ ਜਿਸਨੂੰ ਸਿੱਕਿਆਂ ਅਤੇ ਪ੍ਰਭਤਾ ਦਾ ਕੀ ਰਿਸ਼੍ਹਾ ਹੁੰਦਾ ਹੈ । ਨਹੀ ਪਤਾ । ਓਹ ਬੰਦਾ ਹੀ ਇਸ ਤਰ੍ਹਾਂ ਦੀ ਗੱਲ ਕਰ ਸਕਦਾ ਹੈ ॥ ਹੇਠਾਂ ਇਸ ਤਰ੍ਹਾਂ ਦੇ ਇਕ ਸਿੱਕੇ ਦਾ ਨਮੂਨਾ ਵੇੱਖਿਆ ਜਾ ਸਕਦਾ ਹੈ ॥




ਵਿਃ ਸੰਃ ੧੮੫੯ ਦਾ ਸ੍ਰੀ ਅਮ੍ਰਿਤਸਰ ਟਕਸਾਲ ਦਾ ਸਿੱਕਾ ਜਿਸਨੂੰ ਗਲਤੀ ਨਾਲ ਕਈ ਲੋਕੀ ਮਹਾਰਾਜਾ ਰਣਜੀਤ ਸਿੰਘ ਦੀ ਤਾਜਪੋਸ਼ੀ ਦਾ ਸਿੱਕਾ ਆਖਦੇ ਨੇ

ਇਸ ਸਿੱਕੇ ਨੂੰ ਅਸੀਂ ASR.NS.59.DecoratedLeaf ਦਾ ਨਾਉਂ ਦਿਤ੍ਹਾ ਹੈ ॥ ASR ਦਾ ਭਾਵ ਸ੍ਰੀ ਅਮ੍ਰਿਤਸਰ ਟਕਸਾਲ । NS ਦਾ ਭਾਵ ਨਾਨਕਸ਼ਾਹੀ ਇਬਾਰਤ । 59 ਦਾ ਭਾਵ ਵਿਃ ਸੰਃ ੧੮੫੯ ਅਤੇ DecoratedLeaf ਦਾ ਭਾਵ ਸਜਾਵਟੀ ਪਤ੍ਹਾ ॥

ਮਹਾਰਾਜਾ ਰਣਜੀਤ ਸਿੰਘ ਦਾ ਅਕਾਲ ਚਲਾਣਾ ਵਿਃ ਸੰਃ ੧੮੯੬'ਚ[੮] ਹੋਇਆ ॥ ਮਹਾਰਰਾਜੇ ਦੇ ਸਿਵੇ ਤੇ ਗਿਆਰ੍ਹਾਂ

ਰਾਣੀਆਂ ਜਿਨ੍ਹਾਂ'ਚ ਚਾਰ ਵਹੁਟੀਆਂ ਅਤੇ ਬਾੱਕੀ ਦੀਆਂ ਗੋੱਲੀਆਂ ਸੀ। ਸਤੀ ਹੋਈਆਂ[੯] ॥ ਇਨ੍ਹਾਂ'ਚੋਂ ਕੁਝ ਗੋੱਲੀਆਂ ਸਿਰਫ ਚੌਦ੍ਹਾਂ ਜਾਂ ਪੰਦਰ੍ਹਾਂ ਸਾੱਲਾਂ ਦੀ ਉਮਰ ਦੀਆਂ ਸੀ[੧੦] ॥ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਲਾਹੌਰ ਸ਼ਹਿਰ'ਚ ਕਿਲੇ ਦੇ ਬਾਹਰ ਹੈ ॥



ਲਾਹੌਰ'ਚ ਮਹਾਰਾਜਿਆਂ ਰਣਜੀਤ ਸਿੰਘ। ਖੜਗ ਸਿੰਘ ਅਤੇ ਨੌ ਨਿਹਾਲ ਸਿੰਘ ਦੀਆਂ ਸਮਾਧਾਂ

## ਮਹਾਰਰਾਜਾ ਖੜਗ ਸਿੰਘ

ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਮਗਰੋਂ ਮਹਾਰਾਜਾ ਖੜਗ ਸਿੰਘ ਲਾਹੌਰ ਦੇ ਤਖ਼ ਤੇ ਬੈੱਠਿਆ ॥ ਖੜਗ ਸਿੰਘ ਹੀ ਕਲ੍ਹੀ ਜਾਇਜ਼ ਜਾਂ ਨਾਜਾਇਜ਼ ਮਹਾਰਾਜਾ ਰਣਜੀਤ ਸਿੰਘ ਦੀ ਐਲਾਦ ਸੀ[੧੧] ॥ ਮਹਾਰਾਜਾ ਖੜਗ ਸਿੰਘ ਦਾ ਸਮਾ ਰਾਜ ਪਾਟ'ਚ ਘਟ੍ਰ ਪਰ ਅਫੀਮ ਖਾਂਣ ਅਤੇ ਰੰਗਰਲੀਆਂ ਮਨਾਓਣ'ਚ ਬਹੁਤਾ ਨਿੱਕਲਦਾ ਸੀ[੧੨] ॥ ਸਰਦਾਰ ਚੇਤ ਸਿੰਘ ਰਾਜਾ ਧਿਆਨ ਸਿੰਘ ਦਾ ਵੈਰੀ ਸੀ ਅਤੇ ਰਾਜਾ ਧਿਆਨ ਸਿੰਘ ਨੂੰ ਮਾਰਕੇ ਆਪ ਵਜ਼ੀਰ ਬਨਣਾ ਚਾਹੁੰਦਾ ਸੀ ਪਰ ਰਾਜੇ ਧਿਆਨ ਸਿੰਘ ਨੇ ਮਹਾਰਾਜੇ ਖੜਗ ਸਿੰਘ ਦੇ ਇੱਕੋ ਇਕ ਪੁਤ੍ਰਰ ਨੌ ਨਿਹਾਲ ਸਿੰਘ ਨਾਲ ਮਿਲਕੇ ਸਰਦਾਰ ਚੇਤ ਸਿੰਘ ਨੂੰ ਕਤਲ ਕਰਵਾ ਦਿਤ੍ਰਾ[੧੩] ॥ ਿਧਪੇ ਨਾਲ ਹੀ ਸ਼ਹਿਜ਼ਾਦਾ ਨੌ ਨਿਹਾਲ ਸਿੰਘ ਨੇ ਮਹਾਰਾਜਾ ਖੜਗ ਸਿੰਘ ਨੂੰ ਰਾਜ ਪਾਟ ਤੋਂ ਬੇਦਖਲ ਕਰ ਸ਼ਹਿਰ ਆਪਣੇ ਨਿਜੀ ਘਰ ਭੇਜ ਦਿਤ੍ਰਾ ਅਤੇ ਹਕੂਮਤ ਦੀ ਲਗਾਮ ਆਪ ਸੰਭਾਲ ਲਈ[੧੪] ॥

ਨਾਲ ਹੀ ਇਸ ਦੌਰ ਦਾ ਇਕ ਸਿੱਕਾ ਵਿ: ਸੰ: ੧੮੯੭ ਦਾ ਵੇਂਖਿਆ ਜਾ ਸਕਦਾ ਹੈ ॥ ਇਸਨੂੰ ਅਸੀਂ ASR.NS.97.OM ਕਹਿ ਸਕਦੇ ਹਾਂ ॥ ਕਿਉਂਕਿ ਇਹ ਸ੍ਰੀ ਅਮ੍ਰਿਤਸਰ ਟਕਸਾਲ ਦਾ ਨਾਨਕਸ਼ਾਹੀ ਇਬਾਰਤ ਵਾਲਾ ਵਿ: ਸੰ: ੧੮੯੭ ਦਾ ਸਿੱਕਾ ਹੈ ਅਤੇ ਇਸ'ਤੇ ਨਾਗਰੀ'ਚ ਓਮ ਘੜ੍ਹਿਆ ਹੋਇਆ ਹੈ ॥ ਘੜ੍ਹਨ ਦਾ ਵਰ੍ਹਾ ਓਮ ਦੇ ਉੜ੍ਹੇ ਫਾਰਸੀ ਅਖਰਾਂ'ਚ ١٧ ਜਾਂ ੯੭ ਵੇਂਖਿਆ ਜਾ ਸਕਦਾ ਹੈ ॥



ਵਿ: ਸੰ: ੧੮੯੭ ਦਾ ਸ੍ਰੀ ਅਮ੍ਰਿਤਸਰ ਟਕਸਾਲ ਦਾ ਓਮ ਵਾਲਾ ਨਾਨਕਸ਼ਾਹੀ ਸਿੱਕਾ

ਸਿੱਕੇ'ਤੇ ਹੇਠਿਓਂ "ਸਿੱਕਾ ਜ਼ਦ ਬਰ ਹਰ" ਦਾ ਕੁਝ ਹਿੱਸਾ ਲਕੀਰ ਦੇ ਹੇਠਾਂ ਨਜ਼ਰ ਆ ਰਿਹਾ ਹੈ ॥ ਲਕੀਰ ਦੇ ਉੜ੍ਹੇ "ਫਤਹਿ ਤੇਗ ਗੁਰ ਗੋਬਿੰਦ ਸਿੰਘ" ਨਜ਼ਰ ਆ ਰਿਹਾ ਹੈ ॥ "ਸਿੱਕਾ ਜ਼ਦ ਬਰ ਹਰ" ਨਾਲ ਸਾਨੂੰ ਇਹ ਸਾਫ ਹੋ ਜਾਂਦਾ ਹੈ ਕਿ ਇਸ ਸਿੱਕੇ'ਤੇ ਨਾਨਕਸ਼ਾਹੀ ਇਬਾਰਤ ਘੜ੍ਹੀ ਹੋਈ ਹੈ ॥ ਜਿਸ ਦੌਰ ਦਾ ਇਹ ਸਿੱਕਾ ਹੈ ਉਸ ਵੇਲ੍ਹੇ ਮਹਾਰਾਜਾ ਨੌ ਨਿਹਾਲ ਸਿੰਘ ਪੂਰੀ ਤਰ੍ਹਾਂ ਬ੍ਹਾਮਣਾਂ ਦੇ ਰਸੂਖ ਹੇਠ ਸੀ[੧੫] ॥ ਸੋ ਇਸ ਦੌਰ ਦੇ ਸਿੱਕਿਆਂ ਦੇ ਬ੍ਹਾਮਣੀ ਨਿਸ਼ਾਨ ਅਤੇ ਲਫਜ਼ ਓਮ । ਤਰਸੂਲ । ਛਤਰ । ਰਾਮ ਅਤੇ ਪੈਸਿਆਂ'ਤੇ ਫਾਰਸੀ ਅਤੇ ਗੁਰਮੁਖੀ'ਚ "ਦੇਵਕੀ" ਘੜ੍ਹੇ ਹੋਏ ਮਿਲਦੇ ਨੇ ॥



ਸ੍ਰੀ ਅਮ੍ਰਿਤਸਰ ਟਕਸਾਲ ਦਾ ਦੇਵਕੀ ਵਾਲਾ ਸਿੱਕਾ

ਕੁਝ ਲੋਕਾਂ ਦਾ ਇਹ ਮਨਣਾ ਹੈ ਕਿ ਸ਼ਹਿਜ਼ਾਦੇ ਨੌ ਨਿਹਾਲ ਸਿੰਘ ਨੇ ਆਪਣੇ ਪਿਉ ਮਹਾਰਾਜਾ ਖੜਗ ਸਿੰਘ ਨੂੰ ਸੀਸੇ ਦਾ ਜ਼ਹਰ ਦੇ ਕੇ । ਜਿਸਦਾ ਅਸਰ ਹੌਲੀ ਹੌਲੀ ਹੁੰਦਾ ਹੈ । ਮਰਵਾ ਛੱਡਿਆ ॥ ਪਰ ਲਾਹੌਰ ਦਰਬਾਰ ਦੇ ਸਰਕਾਰੀ ਸਿਰਫ ਤੇ ਸਿਰਫ ਯੌਰਪੀ ਡੌਕ੍ਰਰ ਡਾ: ਹੋਨਿਗਬਰਗਰ ਨੇ ਆਪਣੀ ਕਿਤਾਬ'ਚ ਲਿਖਿਆ ਕਿ "ਮੈਨੂੰ ਨਹੀ ਲਗਦਾ ਕਿ ਜੋ ਅਫਵਾਹ ਚਲਦੀ ਪਈ ਸੀ ਕਿ ਮਹਾਰਾਜਾ ਖੜਗ ਸਿੰਘ ਨੂੰ ਜ਼ਹਰ ਦਿਤ੍ਹਾ ਗਇਆ ਨਾਲ ਹੀ ਜ਼ਹਰ ਦਾ ਕਿਸਮ ਭੀ ਦੱਸਿਆ ਜਾ ਰਿਹਾ ਸੀ । ਠੀਕ ਸੀ ॥ ਮੈਂ ਯਕੀਣ ਨਹੀਂ ਕੀਤ੍ਹਾ ॥ ਭਾਂਵੇ ਮੈਂ ਕਲ੍ਹਾ ਦਰਬਾਰ ਦਾ

ਥਾੱਪਿਆ ਹੋਇਆ ਯੋਰਪੀ ਡੌਕ੍ਰਰ ਸੀ । ਪਰ ਮਹਾਰਾਜੇ ਦੀ ਨੌ ਮਹੀਨੇ ਦੀ ਬਿਮਾਰੀ ਦੇ ਸਮੇਂ ਮੈਨੂੰ ਇਕ ਬਾਰ ਭੀ ਨਹੀਂ ਸਦ੍ਵਿਆ ਗਇਆ ॥[੧੬]" ਅਗ੍ਰੇ ਡਾ: ਹੋਨਿਗਬਰਗਰ ਨੇ ਲਿਖਿਆ ਹੈ ਕਿ "ਇਹ ਮੁਮਕਿਨ ਹੈ ਕਿ ਮਰੀਜ਼ ਨੇ ਮੈਨੂੰ ਸਦ੍ਵਿਆ ਹੋਵੇ ਪਰ ਪੁਤ੍ਰਰ ਨੇ ਮੇਰੀ ਮੁਲਾਕਾਤ ਹੋਣ ਨਾ ਦਿਤ੍ਰੀ ॥ ਜੇ ਉਸਨੂੰ ਪਤਾ ਹੁੰਦਾ ਕਿ ਪਿਉ ਦੀ ਮੌਤ ਦਾ ਦਿਨ ਉਧੀ ਮੌਤ ਦਾ ਦਿਨ ਭੀ ਹੋਣਾਂ ਹੈ ਤਾਂ ਸ਼ਾਇਦ ਓਹ ਕਿਸੇ ਹੋਰ ਤਰੀਕੇ ਪੇਸ਼ ਆਉਂਦਾ"[੧੭] ॥ ਇਹ ਇਤਹਾਸ ਇਨ੍ਹਾਂ ਸਿੱਕਿਆ ਤੇ ਨਹੀਂ ਲਿਖਿਆ ਪਰ ਸ਼ਾਇਦ ਇਹ ਇਸ ਇਤਹਾਸ ਦੇ ਗਵਾਹ ਜ਼ਰੂਰ ਰਹੇ ਹੋਣੇ ਅਤੇ ਸਾਨੂ ਜਰੂਰ ਇਹ ਚੇਤ੍ਰਾ ਕਰਾਓਂਦੇ ਨੇ ॥ ਮਹਾਰਾਜਾ ਖੜਗ ਸਿੰਘ ਦੀ ਮੌਤ ਦੇ ਬਾਅਦ ਉਧੀ ਚਿਖਾ'ਤੇ ਭੀ ਦੋ ਰਾਣੀਆਂ ਅਤੇ ਗਿਆਰ੍ਹਾਂ ਗੋੱਲੀਆਂ ਸਤੀ ਹੋਈਆਂ ਸੀ[੧੮]॥

ਮਹਾਰਾਜਾ ਖੜਗ ਸਿੰਘ ਦੀ ਮੌਤ ਦੇ ਅਗਲੇ ਦਿਨ ਜਦੋਂ ਮਹਾਰਾਜੇ ਦੇ ਸੰਸਕਾਰ ਮਗਰੋਂ ਕੰਵਰ ਨੌ ਨਿਹਾਲ ਸਿੰਘ ਵਾਪਸ ਪਰਤ ਰਿਹਾ ਸੀ ਤੇ ਇੱਕ ਮਹਿਰਾਬ ਹੇਠੋਂ ਨੰਘਦੇ ਵਕਤ ਉਸ ਮਹਿਰਾਬ ਦੇ ਪੱਥਰ'ਤੇ ਸਿਲਾਂ ਮਹਾਰਾਜੇ ਨੌ ਨਿਹਾਲ ਸਿੰਘ ਅਤੇ ਉਧੇ ਸੰਗੀ ਉੱਧਮ ਸਿੰਘ । ਜੋ ਡੋਗਰੇ ਗੁਲਾਬ ਸਿੰਘ ਦਾ ਵੱਡਾ ਪੁਤ੍ਰਰ ਸੀ । ਅਤੇ ਨਾਲ ਟੁਰ ਰਿਹਾ ਸੀ'ਤੇ ਡਿਗ੍ਰ ਪਈਆਂ ॥ ਉੱਧਮ ਸਿੰਘ ਦੀ ਤੇ ਮੌਕੇ'ਤੇ ਹੀ ਮੌਤ ਹੋ ਗਈ[੧੯] ॥ ਨੌ ਨਿਹਾਲ ਸਿੰਘ ਨੂੰ ਮਹਿਲ'ਚ ਲਿਆਇਆ ਗਇਆ ਅਤੇ ਸਾਰੇ ਬੂਹੇ ਬੰਦ ਕਰ ਦਿਤ੍ਰੇ ਗਏ ਅਤੇ ਕਿਸੇ ਨੂੰ ਭੀ ਅੰਦਰ ਦਾਖਿਲ ਨਹੀਂ ਹੋਣ ਦਿਤ੍ਰਾ ਗਇਆ । ਇੱਥੋਂ ਤਾਂਈ ਕਿ ਉਧੀਆਂ ਵ੍ਹਟੀਆਂ ਨੂੰ ਭੀ ਨਹੀਂ [੨੦]॥ ਇਸਦੀ ਵਜ੍ਹਾ ਸੀ ਕਿ ਮੁਲਕ ਦਾ ਅਮਨ ਚੈਨ ਖਰਾਬ ਨਾਂ ਹੋਵੇ ਅਤੇ ਉਸ ਵਕਤ'ਚ ਸ਼ੇਰ ਸਿੰਘ ਨੂੰ ਜੋ ਮਹਾਰਰਾਜਾ ਰਣਜੀਤ ਸਿੰਘ ਦਾ ਗੋਦ ਲਇਆ ਹੋਇਆ ਪੁਤ੍ਰ ਸੀ । ਸਦ੍ਵਾ ਭੇੱਜਿਆ ਜਾ ਸਕੇ ॥ ਇਸ ਗੱਲ ਨੂੰ ਤਿਨ ਦਿਨਾਂ ਤਾਂਈਂ ਲੁਕੋ ਕੇ ਰੱਖਿਆ ਗਇਆ[੨੧]॥

ਡਾ: ਹੋਨਿਗਬਰਗਰ ਦੇ ਮੁਤਾਬਕ ਸ਼ਹਿਜ਼ਾਦੇ ਨੌ ਨਿਹਾਲ ਸਿੰਘ ਦਾ ਸਿਰ ਬੁਰੀ ਤਰ੍ਹਾਂ ਫਿੱਸ ਗਇਆ ਸੀ ਅਤੇ ਸ਼ਹਿਜ਼ਾਦੇ ਦੀ ਹਾਲਤ ਇੰਝ ਸੀ ਕਿ ਠੀਕ ਹੋਣ ਦੀ ਕੋਈ ਭੀ ਉੱਮੀਦ ਨਹੀਂ ਸੀ[੨੨] ॥ ਇਸ ਵਕਤ'ਚ ਸ਼ਹਿਜ਼ਾਦੇ ਦੀ ਤਰਫਦਾਰੀ ਕਰਣ ਵਾਲੇ ਲੋਕਾਂ ਨੇ ਸ਼ਹਿਜ਼ਾਦੇ ਦੀ ਮਾਂ ਮਹਾਰਾਣੀ ਚੰਦ ਕੌਰ ਨੂੰ ਸਦ੍ਵ ਲਇਆ ॥ ਸ਼ੇਰ ਸਿੰਘ ਦੇ ਆਉਣ ਤੋਂ ਪਹਿਲਾਂ ਮਹਾਰਾਣੀ ਚੰਦ ਕੌਰ ਪੁੱਜ ਗਈ ਇਸਲਈ ਸ਼ੇਰ ਸਿੰਘ ਨੂੰ ਬਾਗ'ਚ ਆਪਣਾ ਡੇਰਾ ਲਾਉਣਾਂ ਪਇਆ ॥ ਦੋਨਾਂ ਦੇ ਉੱਥੇ ਪੁੱਜਣ'ਤੇ ਸ਼ਹਿਜ਼ਾਦੇ ਦੀ ਮੌਤ ਦੀ ਖਬਰ ਨੂੰ ਸਾਂਝਾਂ ਕੀਤ੍ਰਾ ਗਇਆ ॥ ਸ਼ਹਿਜ਼ਾਦੇ ਨਾਲ ਦੋ ਸੋਹਣੀਆ ਮੁਟਿਆਰਾਂ ਸਤੀ ਹੋਈਆਂ ॥ ਇਕ ਬਾਰ੍ਹਾਂ ਵਰ੍ਹਿਆਂ ਦੀ ਮੁਟਿਆਰ ਨੂੰ ਸ਼ੇਰ ਸਿੰਘ ਨੇ ਇਹ ਕਹਿ ਕਿ ਰੋਕ ਲਇਆ ਕਿ ਹਜੇ ਉਸਦੀ ਉਮਰ ਕਚ੍ਰੀ ਹੈ[੨੩] ॥

ਰਾਜਾ ਧਿਆਨ ਸਿੰਘ ਜੋ ਦਰਬਾਰ ਦਾ ਮੁਖ ਵਜ਼ੀਰ ਸੀ ਓਨ੍ਹੇ ਮਹਾਰਾਣੀ ਚੰਦ ਕੌਰ ਨੂੰ ਤਿਨ ਦਿਨ ਮਿਨ੍ਨਤਾਂ ਕਰ ਕੇ ਇਹ ਭਰੋਸਾ ਦੁਆਇਆ ਸੀ ਕਿ ਲਾਹੌਰ ਦਰਬਾਰ ਦੀ ਗਦ੍ਵੀ ਤੇ ਉਸਨੂੰ ਬਿਠਾਇਆ ਜਾਵੇਗਾ ॥ ਪਰ ਮਹਾਰਾਣੀ ਅਤੇ ਸੰਧਾਵਾਲੀਏ ਸਰਦਾਰ ਧਿਆਨ ਸਿੰਘ ਦੇ ਕਟ੍ਰੜ ਦੁਸ਼ਮਨ ਸੀ । ਅਤੇ ਇਸਦਾ ਮਤਲਬ ਹੁੰਦਾ ਧਿਆਨ ਸਿੰਘ ਅਤੇ ਉਧੇ ਟੱਬਰ ਦਾ ਨਾਸ ॥ ਇਸਲਈ ਧਿਆਨ ਸਿੰਘ ਨੇ ਸਰਦਾਰਾਂ ਨੂੰ ਅਰਜ਼ ਕੀਤ੍ਰਾ ਕਿ ਸ਼ੇਰ ਸਿੰਘ ਨੂੰ ਗਦ੍ਵੀ'ਤੇ ਬਿਠਾਇਆ ਜਾਵੇ ਕਿਉਂਕਿ ਇਕ ਔਰਤ ਇਕ ਪੰਜਾਬ ਵਰਗੇ ਵੱਡੇ ਮੁਲਕ ਨੂੰ ਰਾਜ ਕਰਣ ਦੇ ਜੋਗ ਨਹੀਂ ਹੁੰਦੀ ॥ ਪਰ ਚੰਦ ਕੌਰ ਨੇ ਸੰਧਾਵਾਲੀਆਂ ਦੇ ਮੁਖੀ ਅਤਰ ਸਿੰਘ ਨੂੰ ਸਦ੍ਵਾ ਭੇੱਜਿਆ ਅਤੇ ਚੰਦ ਕੌਰ ਦਾ ਗੁਟ ਹਾਵੀ ਹੋ ਗਇਆ ॥ ਚੰਦ ਕੌਰ ਨੇ ਬ੍ਰਾਮਣਾਂ ਨੂੰ ਰੱਜ ਕੇ ਦਾਨ ਦਿਤ੍ਰਾ ਅਤੇ ਓਨ੍ਹ ਪੰਜਾਬ ਦੀ ਮਹਾਰਾਣੀ ਥਾਪ ਦਿਤ੍ਰਾ ਗਇਆ ॥ ਬਾਕੀ ਦੀ ਜੱਥੇਬੰਦੀਆਂ ਦਾ ਧਿਆਨ ਇਹ ਕਹਿ ਕਿ ਹਟਾਇਆ

ਗਇਆ ਕਿ ਨੌ ਨਿਹਾਲ ਸਿੰਘ ਦੀ ਰਾਣੀ ਗਰਭਵਤੀ ਹੈ ਪਰ ਜੇ ਧੀ ਜੱਮਦੀ ਹੈ ਤਾਂ ਹੀਰਾ ਸਿੰਘ ਨੂੰ(ਧਿਆਨ ਸਿੰਘ ਦਾ ਪੁਤ੍ਰ) ਗੋਦ ਲਇਆ ਜਾ ਸਕਦਾ ਹੈ ॥ ਪਰ ਇਸ ਗੱਲ ਤੇ ਸ਼ੇਰ ਸਿੰਘ ਜੰਗ ਲਈ ਤਿਆਰ ਸੀ ॥ ਧਿਆਨ ਸਿੰਘ ਨੇ ਸਮਝਾ ਬੁਝਾ ਕਿ ਆਪਣੇ ਸ਼ਗਿਰਦ ਨੂੰ ਚੁਪ ਚਾਪ ਵਾਪਿਸ ਜਾਣ ਨੂੰ ਕਿਹਾ ਅਤੇ ਸ਼ੇਰ ਸਿੰਘ ਬਟਾਲੇ ਵਾਪਿਸ ਚਲਾ ਗਇਆ [੨੪]॥

## ਮਹਾਰਾਜਾ ਸ਼ੇਰ ਸਿੰਘ

ਸੋ ਵਿ: ਸੰ: ੧੮੯੭ ਦੇ ਕੁਝ ਸਿੱਕੇ ਮਹਾਰਾਣੀ ਚੰਦ ਕੌਰ ਦੇ ਰਾਜ'ਜ ਜਾਰੀ ਹੋਏ ਹੋਣੇ ॥ ਸ਼ੇਰ ਸਿੰਘ ਨੇ ਜਨਵਰੀ ੧੮੪੧ ਈਸਵੀ ਜਾਂ ਵਿ: ਸੰ: ੧੮੯੭ ਦੇ ਮੱਘਰ ਮਹੀਨੇ'ਚ ਲਾਹੌਰ ਕਿਲੇ'ਤੇ ਧਾਵਾ ਬੋੱਲਿਆ ॥ ਮਹਾਰਾਣੀ ਚੰਦ ਕੌਰ ਨੇ ਆਪਣੇ ਫੌਜੀਆਂ ਨੂੰ ਜਿੜ੍ਹੇ ਕਿਲੇ ਦੀ ਰਾਖੀ ਕਰ ਰਹੇ ਸੀ । ਪਹਿਲਾਂ ਦੋ ਲੱਖ ਰੁਪੱਈਆ । ਫੇਰ ਇਕ ਲੱਖ ਰੁਪੱਈਆ ਹੋਰ ਵੰਡਿਆ ॥ ਪਰ ਜਿਨ੍ਹਾਂ ਫੌਜੀਆਂ ਨੇ ਤਿਨੰ ਲੱਖ ਰੁਪੱਈਆਂ ਨਾਲ ਆਪਣੀਆਂ ਜੇਬਾਂ ਭਰੀਆਂ ਸੀ । ਸ਼ੇਰ ਸਿੰਘ ਵਾਸ੍ਤੇ ਕਿਲੇ ਦੇ ਸਾਰੇ ਦਰਵੱਜੇ ਖੋਲ ਦਿਤ੍ਰੇ । ਕਿਉਂਕਿ ਓਨ੍ਹਾਂ ਨੇ ਸ਼ੇਰ ਸਿੰਘ'ਤੋਂ ਭੀ ਬਰਾਬਰ ਦੀ ਰਕਮ ਵਸੂਲੀ ਸੀ ॥ ਸ਼ੇਰ ਸਿੰਘ ਜਿੜ੍ਹਾ ਦਰਵਾਜ਼ਾ ਹਜ਼ੂਰੀ ਬਾਗ ਨੂੰ ਖੁਲਦਾ ਸੀ'ਤੋਂ ਆਪ ਦਾਖਲ ਹੋਇਆ ਅਤੇ ਤਹਿਖਾਨ੍ਹੇ'ਚ ਜਾ ਪਨ੍ਹਾ ਲਈ ॥ ਇਸ ਮਗਰੋਂ ਸ਼ੇਰ ਸਿੰਘ ਅਤੇ ਕਿਲੇ ਦੀਆਂ ਫੌਜਾਂ ਜੋ ਮਹਾਰਾਣੀ ਦੀ ਰਾਖੀ ਕਰਦੀਆਂ ਪਈਆਂ ਸੀ । ਦਰਮਿਆਨ ਜੰਗ ਛਿੜੀ ਅਤੇ ਸ਼ੇਰ ਸਿੰਘ ਨ੍ਹਸ ਗਇਆ ॥ ਤਿਨੰ ਦਿਨ ਗੋਲੀ ਬਾਰੂਦ ਚਲਦਾ ਰਿਹਾ ॥ ਹਜ਼ੂਰੀ ਬਾਗ'ਚ ੩੦੦੦ ਜਵਾਨ'ਤੇ ੧੮੦ ਘੋੜੇ ਮਰੇ ॥ ਗੁਲਾਬ ਸਿੰਘ ਜੋ ਮਹਾਰਾਣੀ ਚੰਦ ਕੌਰ ਵੱਲ ਸੀ ਅਤੇ ਰਾਜਾ ਧਿਆਨ ਸਿੰਘ ਜੋ ਸ਼ੇਰ ਸਿੰਘ ਵੱਲ ਸੀ । ਨੇ ਆਖਿਰਕਾਰ ਸੁਲਹ ਕਰ ਲਈ ॥ ਇਹ ਤਜ਼ਵੀਹ ਹੋਇਆ ਕਿ ਮਹਾਰਾਣੀ ਨੂੰ ਨਾਂਉਂ ਵਾਸ੍ਤੇ ਪੰਜਾਬ ਦੀ ਮਹਾਰਾਣੀ ਮਨ੍ਹਦੇ ਹੋਏ ਸਾਲਾਨਾ ਵੀਹ ਲੱਖ ਰੁਪਏ ਦਾ ਵਜ਼ੀਫਾ ਲਗਾ ਦਿਤ੍ਰਾ ਜਾਵੇਗਾ[੨੫] ॥ ਇੰਞ ਸ਼ੇਰ ਸਿੰਘ ਪੰਜਾਬ ਦਾ ਮਹਾਰਾਜਾ ਬਣਿਆ ॥



ਵਿ: ਸੰ: ੧੮੯੯ ਦਾ ਸ੍ਰੀ ਅਮ੍ਰਿਤਸਰ ਟਕਸਾਲ ਦਾ ਛਤਰ ਦੇ ਨਿਸ਼ਾਨ ਵਾਲਾ ਸਿੱਕਾ

ਇਹ ਸਿੱਕਾ ਵਿ: ਸੰ: ੧੮੯੯ ਦਾ ਸ੍ਰੀ ਅਮ੍ਰਿਤਸਰ ਟਕਸਾਲ ਦਾ ਨਾਨਕਸ਼ਾਹੀ ਇਬਾਰਤ ਵਾਲਾ ਸਿੱਕਾ ਹੈ ॥ ਇਸਨੂੰ ਅਸੀਂ ਸਹੂਲੀਅਤ ਲਈ ASR.NS.99.Chattar ਦਾ ਨਾਉਂ ਦਿਤ੍ਰਾ ਹੈ । ਕਿਉਂਕਿ ਇਹ ਅਮ੍ਰਿਤਸਰ ਟਕਸਾਲ ਦਾ ਨਾਨਕਸ਼ਾਹੀ ਵਿ: ਸੰ: ੧੮੯੯ ਦਾ ਛਤਰ ਦੇ ਨਿਸ਼ਾਨ ਵਾਲਾ ਸਿੱਕਾ ਹੈ ॥ ਸਿੱਕੇ ਤੇ ਜ਼ਦ ਦੇ "ਜ਼" ਦਾ ਕੁਝ ਹਿੱਸਾ ਅਤੇ ਹਰ ਦਾ ਕੁਝ ਹਿੱਸਾ ਲਕੀਰ ਦੇ ਹੇਠਾਂ ਪੜ੍ਹਿਆ ਜਾ ਸਕਦਾ ਹੈ ॥ ਲਕੀਰ ਉਤ੍ਰੇ ਤੇਗ ਗੁਰ ਗੋਬਿੰਦ ਪੂਰਾ ਅਤੇ ਸਿੰਘ ਅਤੇ ਫਜ਼ਲ ਲਫਜ਼ਾਂ

ਦੇ ਕੁਝ ਹਿੱਸੇ ਘੜ੍ਹੇ ਹੋਏ ਨੇ ॥ ਗੁਰ ਗੋ ਅਤੇ ਬਿੰਦ ਵਿਚਕਾਰ ਛਤਰ ਦਾ ਨਿਸ਼ਾਨ ਹੈ ॥ ਬਿੰਦ ਦੇ ਖੱਬੇ ਫਾਰਸੀ ਅਖਰਾਂ'ਚ ਸਿੱਕਾ ਘੜ੍ਹਣ ਦਾ ਵਰ੍ਹਾ ੧੧ (੯੯) ਹੈ ॥ ਇਹ ਸਿੱਕਾ ਸ਼ੇਰ ਸਿੰਘ ਜਾਂ ਦਲੀਪ ਸਿੰਘ ਦੇ ਰਾਜ'ਚ ਜਾਰੀ ਕੀਤ੍ਹਾ ਗਇਆ ਹੋਣਾ ॥

ਜਦੋਂ ਸ਼ੇਰ ਸਿੰਘ ਲਾਹੌਰ ਦੀ ਗਦ੍ਦੀ'ਤੇ ਬੈਠਾ । ਇਹ ਗੱਲ ਲਹਿਣਾ ਸਿੰਘ ਸੰਧਾਵਾਲੀਏ ਸਰਦਾਰ ਨੂੰ ਚੰਗੀ ਨਹੀਂ ਲਗ੍ਗੀ ॥ ਓ੍ਹਧਾ ਵਿਰੋਧ ਕਰਨ'ਤੇ ਸ਼ੇਰ ਸਿੰਘ ਨੇ ਇਨ੍ਹੂ ਕੈਦ ਕਰ ਲਇਆ ਸੀ ॥ ਅਜੀਤ ਸਿੰਘ ਅਤੇ ਅਤਰ ਸਿੰਘ ਸੰਧਾਵਾਲੀਏ ਈਸ੍ਟ ਇੰਡੀਆ ਕੰਪਨੀ ਦੇ ਇਲਾਕੇ ਨ੍ਹੱਸ ਗਏ ਅਤੇ ਗਿਰਫ੍ਤ ਤੋਂ ਬਚੇ ॥ ਭਾਈ ਰਾਮ ਸਿੰਘ ਦੇ ਕਹਿਣ'ਤੇ ਲਹਿਣਾ ਸਿੰਘ ਸੰਧਾਵਾਲੀਏ ਨੂੰ ਸ਼ੇਰ ਸਿੰਘ ਨੇ ਕੈਦੋਂ ਰਿਹਾ ਕਰ ਦਿਤ੍ਤਾ ਅਤੇ ਅਜੀਤ ਸਿੰਘ ਅਤੇ ਅਤਰ ਸਿੰਘ ਨੂੰ ਆਪਣੇ ਦੇਸ ਆਉਣ ਦੀ ਆਗ੍ਗਿਆ ਦੇ ਦਿਤ੍ਤੀ ॥ ਰਾਜਾ ਧਿਆਨ ਸਿੰਘ ਨੇ ਸੰਧਾਵਾਲੀਆਂ ਨੂੰ ਇਹ ਕਹਿ ਕੇ ਕਿ ਤੁਹਾਡੀਆਂ ਜਗੀਰਾਂ ਮੁੜ ਤੁਹਾਨੂੰ ਦੇ ਦਿਤ੍ਤੀਆਂ ਜਾਣਗੀਆਂ । ਓਨ੍ਹਾਂ ਨੂੰ ਆਪਣੇ ਨਾਲ ਮਿਲਾ ਲਇਆ ॥ ਇਸ ਦੌਰਾਨ ਧਿਆਨ ਸਿੰਘ ਨੂੰ ਪਤਾ ਲਗ੍ਗਿਆ ਕਿ ਮਹਾਰਾਜਾ ਰਣਜੀਤ ਸਿੰਘ ਦਾ ਇਕ ਪੰਜ ਜਾਂ ਛੇ ਸਾਲ ਦਾ ਹੋਰ ਪੁਤ੍ਤ ਹੈ ਅਤੇ ਓਨ੍ਹੇ ਉਸ ਨੂੰ ਤਖ੍ਤ'ਤੇ ਬਿਠਾਉਣ ਦਾ ਵਿਚਾਰ ਕੀਤ੍ਹਾ ॥ ਧਿਆਨ ਸਿੰਘ ਉਸ ਮਹਾਰਾਜਾ ਰਣਜੀਤ ਸਿੰਘ ਦੇ ਪੁਤ੍ਤਰ ਨੂੰ ਨੇੜ੍ਹੇ ਬੁਲਾ ਕੇ ਗੋਦੀ'ਚ ਬਿਠਾਕੇ ਖਿਡਾਉਂਦਾ ॥ ਇਹ ਵੇਖ ਮਹਾਰਾਜਾ ਸ਼ੇਰ ਸਿੰਘ ਨੂੰ ਤਾਪ ਚੜ ਗਇਆ ਕਿ ਇਨ੍ਹਾਂ ਦੋਵਾਂ ਨੂੰ ਅੱਡ ਅੱਡ ਕੀਤ੍ਹਾ ਜਾਵੇ ॥ ਇਨ੍ਹਾਂ ਹਾਲਾਤਾਂ'ਚ ਸੰਧਾਵਾਲੀਏ ਆਪਣਾ ਫਾਇਦਾ ਅਤੇ ਵਜ਼ੀਰ ਅਤੇ ਮਹਾਰਾਜੇ ਦੀ ਬਰਬਾਦੀ ਬਾਰੇ ਸੋਚ੍ਚਣ ਲਗ੍ਗ ਪਏ । ਅਤੇ ਓਨ੍ਹਾਂ ਦਾ ਮਨਣਾ ਸੀ ਕਿ ਵਜ਼ੀਰ ਨੇ ਦੋਸ੍ਤਾਨ੍ਹਾ ਹੱਥ ਸਿਰਫ ਇਸਲਈ ਵਧਾਇਆ ਹੈ ਕਿਉਂਕਿ ਓਹ ਮਹਾਰਾਜੇ ਸ਼ੇਰ ਸਿੰਘ ਨੂੰ ਮਾਰ ਸਕਣ[੨੬] ॥

ਮਹਾਰਾਜਾ ਸ਼ੇਰ ਸਿੰਘ ਆਪਣਾ ਬਹੁਤਾ ਵਕਤ ਆਪਣੇ ਪਸੰਦੀਦਾ ਘਰ ਸ਼ਾਹ ਬਿਲਾਵਲ'ਚ ਗੁਜ਼ਾਰਦਾ ਸੀ ਅਤੇ ਇੱਥੇ ਹੀ ੧੫ ਸਤੰਬਰ ੧੮੪੩ ਈਸਵੀਂ'ਚ ਜਾਂ ਵਿ: ਸੰ: ੧੯੦੦'ਚ ਮੰਦਭਾਗੀ ਘਟਨਾ ਵੱਪਰੀ [੨੭]॥

ਸੰਧਾਵਾਲੀਏ ਸਰਦਾਰਾਂ ਨੇ ਸ਼ੇਰ ਸਿੰਘ ਨੂੰ ਇਹ ਕਹਿ ਕੇ ਕਿ ਵਜ਼ੀਰ ਦਗਾਬਾਜ਼ ਹੈ ਅਤੇ ਵਜ਼ੀਰ ਨੇ ਓਨ੍ਹਾਂ ਨੂੰ ਮਹਾਰਾਜੇ ਦੇ ਕਤਲ ਵਾਸ੍ਤੇ ਭੇੱਜਿਆ ਹੈ ਪਰ ਕਿਉਂਕਿ ਓਹ ਮਹਾਰਾਜੇ ਦੇ ਵਫਾਦਾਰ ਨੇ ਇਸਲਈ ਓਹ ਇੰਝ ਨਹੀਂ ਕਰਣਗੇ ਤੇ ਇਸਲਈ ਹੀ ਇਸ ਗੱਲ ਦਾ ਪਤਾ ਮਹਾਰਾਜੇ ਨੂੰ ਦੇ ਰਹੇ ਨੇ ਅਤੇ ਓਹ ਆਪ ਵਜ਼ੀਰ ਨੂੰ ਕਤਲ ਕਰਣਗੇ ਜੇ ਮਹਾਰਾਜਾ ਓ੍ਹਧੀ ਆਗ੍ਗਿਆ ਲਿਖਤੀ ਰੂਪ'ਚ ਦੇ ਦੇਵੇ । ਇਹ ਕਹਿ ਕੇ ਓਨ੍ਹਾਂ ਨੇ ਵਜ਼ੀਰ ਦੇ ਕਤਲ ਦਾ ਹੁਕਮ ਲਿਖਵਾ ਲਇਆ ॥ ਸੰਧਾਵਾਲੀਆਂ ਨੇ ਇਹ ਦੱਸਿਆ ਕਿ ਮਹਾਰਾਜੇ ਦੇ ਕਤਲ ਦੇ ਏਵਜ਼'ਚ ਵਜ਼ੀਰ ਓਨ੍ਹਾਂ ਨੂੰ ਸੱਠ ਲੱਖ ਰੁਪੱਈਆਂ ਦੀ ਜਗੀਰ ਦੇਵੇਗਾ ਅਤੇ ਦਲੀਪ ਸਿੰਘ ਨੂੰ ਤਖ੍ਤ'ਤੇ ਬਿਠਾਏਗਾ[੨੮] ॥

ਵਜ਼ੀਰ ਦੇ ਕਤਲ ਦਾ ਹੁਕਮਨਾਮਾ ਲੈ ਕੇ ਓਨ੍ਹਾਂ ਮਹਾਰਾਜੇ ਨੂੰ ਕਿਹਾ ਕਿ ਅਸੀਂ ਰਾਜਾ ਸਾਂਸੀ ਜਾ ਕੇ ਇਸ ਕਾਰਜ ਨੂੰ ਅੰਜਾਮ ਦੇਣ ਵਾਸ੍ਤੇ ਕੁਝ ਫੌਜ ਕੱਠੀ ਕਰਾਂਗੇ ॥ ਤੁਸੀਂ ਫੌਜ ਦੀ ਹਾਜ਼ਰੀ ਲੈਣੀ ਅਤੇ ਸਾੱਨੂੰ ਸਦ੍ਦਣਾ ॥ ਜਿਸ ਵਕਤ ਫੌਜ ਜੰਗੀ ਕਰਤਬ ਕਰ ਰਹੀ ਹੋਵੇਗੀ ਉੱਸ ਵੇਲ੍ਹੇ ਅਸੀਂ ਜਾ ਕੇ ਵਜ਼ੀਰ ਦਾ ਕਤਲ ਕਰ ਦੇਵਾਂਗੇ ॥ ਇਸ ਮਗਰ ਓਹ ਹੁਕਮਨਾਮਾ ਲੈ ਧਿਆਨ ਸਿੰਘ ਕੋਲ ਪਰਤ ਗਏ ਅਤੇ ਓਨ੍ਹੂ ਉ੍ਹਧੀ ਮੌਤ ਦਾ ਹੁਕਮਨਾਮਾ ਵਿਖਾਇਆ ॥ ਵਜ਼ੀਰ ਨੇ ਹੁਕਮਨਾਮਾ ਵੇਖਕੇ ਕਿਹਾ ਕਿ ਇਹ ਕੰਮ ਜਰੂਰ ਹੋਣਾ ਚਾਹਿਦਾ ਹੈ । ਮਹਾਰਾਜਾ ਸ਼ੇਰ ਸਿੰਘ ਦਾ ਕਤਲ ॥ ਜੋ ਗੱਲਾਂ ਏਨ੍ਹਾਂ ਨੇ ਸ਼ੇਰ ਸਿੰਘ ਨੂੰ ਵਜ਼ੀਰ ਦੇ ਕਤਲ ਬਾਰੇ ਕਹੀਆਂ ਸੀ ਓਹੀ ਹੁਣ ਵਜ਼ੀਰ ਨੂੰ ਸ਼ੇਰ ਸਿੰਘ ਬਾਬਤ ਕਹੀਆਂ ਅਤੇ ਇਹ ਦੋਵੇਂ ਰਾਜਾ ਸਾਂਸੀ ਚਲੇ ਗਏ ॥ ਵਜ਼ੀਰ ਬਿਮਾਰੀ ਦਾ

ਬਹਾਣਾ ਬਣਾ ਕੇ ਦਰਬਾਰ ਨਾ ਜਾਕੇ ਆਪਣੀ ਸ਼ਹਿਰ ਵਾਲੀ ਰਿਹਾਇਸ਼'ਚ ਚਲਾ ਗਇਆ ॥

ਕੁਝ ਚਿਰ ਬਾਅਦ ਸੰਧਾਵਾਲੀਏ ਮਹਾਰਾਜਾ ਸ਼ੇਰ ਸਿੰਘ ਦੇ ਘਰ ਆਪਣੇ ਪੰਜਾਹ ਬੰਦਿਆਂ ਨਾਲ ਘੋੜਿਆਂ ਤੇ ਆਏ ॥ ਅਜੀਤ ਸਿੰਘ ਮਹਾਰਾਜਾ ਸ਼ੇਰ ਸਿੰਘ ਕੋਲ ਜਾ ਕੇ ਉਚੀ ਅਵਾਜ਼'ਚ ਹੱਸ ਕੇ ਇਕ ਬੰਦੂਕ ਵਿਖਾ ਕੇ ਕਹਿੰਦਾ ਕਿ ਇਹ ਦੋਨਾਲੀ ਚੌਦਾਂ ਸੌ'ਚ ਮੁਲ ਲਈ ਹੈ ਅਤੇ ਜੇ ਕੋਈ ਤਿੰਨ ਹਜ਼ਾਰ'ਚ ਭੀ ਮੰਗੇ ਤਾਂ ਨਹੀਂ ਦੇਣੀ ॥ ਇਹ ਸੁਣ ਕੇ ਮਹਾਰਾਜੇ ਨੇ ਬੰਦੂਕ ਲੈਣ ਲਈ ਹੱਥ ਅਗ੍ਹੇ ਵਧਾਇਆ ਪਰ ਬੰਦੂਕ ਦੇਣ ਦੇ ਬਜਾਏ ਅਜੀਤ ਸਿੰਘ ਨੇ ਮਹਾਰਾਜੇ ਨੂੰ ਗੋਲੀ ਮਾਰ ਦਿਤ੍ਤੀ ॥ ਮਹਾਰਾਜਾ ਸ਼ੇਰ ਸਿੰਘ ਸਿਰਫ ਇਨ੍ਹਾ ਹੀ ਕਹਿ ਸਕਿਆ ਕਿ "ਆਹ । ਇਹ ਕੀ ਦਗਾ"॥ ਇਸ ਮਗਰੋਂ ਮਹਾਰਾਜੇ ਸ਼ੇਰ ਸਿੰਘ ਦਾ ਸਿਰ ਧੜ ਨਾਲੋਂ ਵੱਢ ਦਿਤ੍ਤਾ ਗਇਆ[੨੯] ਅਤੇ ਬਾਅਦ ਅਜੀਤ ਸਿੰਘ ਨੇੜ੍ਹੇ ਦੇ ਬਗੀਚੇ'ਚ ਗਇਆ ਅਤੇ ਮਹਾਰਾਜੇ ਦੇ ਪੁਤ੍ਤਰ ਪਰਤਾਪ ਸਿੰਘ ਨੂੰ ਭੀ ਕਤਲ ਕਰ ਦਿਤ੍ਤਾ ਜਿੱਥੇ ਓਹ ਬ੍ਰਾਮਣਾ ਨਾਲ ਬੈਠ ਹੋਮ ਕਰਦਾ ਪਇਆ ਸੀ[੩੦]॥

ਇਸ ਬਾਰੇ ਸ਼ਾਹ ਮੁਹੰਮਦ ਨੇ ਭੀ ਲਿਖਿਆ ਹੈ:

**ਲਹਿਣਾ ਸਿੰਘ ਜੋ ਬਾਗ ਦੀ ਤਰਫ ਆਇਆ ।**

**ਅਗ੍ਹੇ ਕੌਰ ਜੋ ਹੋਮ ਕਰਾਂਵਦਾ ਈ ।**

**ਲਹਿਣਾ ਸਿੰਘ ਦੀ ਮੰਦੀ ਜੋ ਨਜ਼ਰ ਦੇਖੀ ।**


**ਅਗ੍ਹੋਂ ਰੱਬ ਦਾ ਵਾਸਤਾ ਪਾਂਵਦਾ ਈ ।**

**ਮੈਂ ਤਾਂ ਕਰਾਂਗਾ ਬਾਬਾ ਜੀ ਟਹਿਲ ਤੇਰੀ ।**

**ਹੱਥ ਜੋੜ ਕੇ ਸੀਸ ਨਿਵਾਂਵਦਾ ਈ ।**

**ਸ਼ਾਹ ਮੁਹੰਮਦਾ ਓਸ ਨਾ ਇਕ ਮੰਨੀ ।**

**ਤੇਗ਼ ਮਾਰ ਕੇ ਸੀਸ ਉਡਾਂਵਦਾ ਈ ॥**



ਮਹਾਰਰਾਜਾ ਸ਼ੇਰ ਸਿੰਘ

ਸੰਧਾਵਾਲੀਆਂ ਨੇ ਮਹਾਰਾਜੇ ਦੀ ਸਾਰੀਆਂ ਜਨਾਨ੍ਹੀਆਂ ਨੂੰ ਭੀ ਮਾਰ ਸਿਟ੍ਰਿਆ ॥ ਇਕ ਤਾਂ ਗਰਭਵਤੀ ਸੀ ਅਤੇ ਬਚ੍ਹੇ ਨੂੰ ਜੱਮਣ ਵਾਲੀ ਹੀ ਸੀ ॥ ਇੰੜ ਮਾਹਾਰਾਜਾ ਸ਼ੇਰ ਸਿੰਘ ਦਾ ਅੰਤ ਹੋਇਆ[੩੧] ॥

ਸੰਧਾਵਾਲਿਆ ਸਰਦਾਰਾਂ ਨੇ ਇੱਥੇ ਹੀ ਬੱਸ ਨਹੀ ਕੀਤ੍ਰੀ । ਓਨ੍ਹਾਂ ਨੇ ਧਿਆਨ ਸਿੰਘ ਵਜ਼ੀਰ ਦਾ ਭੀ ਕਤਲ ਕਰ ਦਿਤ੍ਰਾ ਅਤੇ ਲਹਿਣਾ ਸਿੰਘ ਨੂੰ ਵਜ਼ੀਰ ਅਤੇ ਦਲੀਪ ਸਿੰਘ ਨੂੰ ਮਹਾਰਾਜਾ ਐਲਾਨ ਦਿਤ੍ਰਾ ॥ ਜਦੋਂ ਵਜ਼ੀਰ ਦੇ ਕਤਲ ਦੀ ਖਬਰ ਉ੍ਹਧੇ ਪੁਤ੍ਰਰ ਹੀਰਾ ਸਿੰਘ ਕੁਲ ਪੁੱਜੀ । ਓਨ੍ਹੇ ਆਪਣੇ ਕਤਲ ਹੋਏ ਪਿਉ ਦਾ ਬਦਲਾ ਲੈਣ ਖਾਤਿਰ ਫੌਜਾਂ ਨੂੰ ਲਾਲਚ ਦੇਕੇ ਆਪਣੇ ਵੱਲ ਕਰ ਲਿਆ ਅਤੇ ਲਾਹੌਰ ਦੇ ਕਿਲੇ'ਤੇ ਜੋ ਸੰਧਾਵਾਲੀਆਂ ਨੇ ਕਸਮ ਖਾੱਧੀ ਸੀ ਕਿ ਮਰ ਕੇ ਭੀ ਉਸਦੀ ਰਾਖੀ ਕਰਨਗੇ । ਹਮਲਾ ਕਰ ਦਿਤ੍ਰਾ ॥ ਪਰ ਓਨ੍ਹਾਂ ਕੋਲ ਬਹੁਤ ਘਟ੍ਰ ਫੌਜਾਂ ਸੀ


ਪਰਤਾਪ ਸਿੰਘ । ਮਹਾਰਾਜਾ ਸ਼ੇਰ ਸਿੰਘ ਦਾ ਪੁਤ੍ਰਰ

ਅਤੇ ਜਦੋਂ ਕਿਲੇ ਦੀ ਦਿਵਾਰ'ਚ ਸੰਨ ਲਗ੍ਹ ਗਈ ਅਜੀਤ ਸਿੰਘ ਨੇ ਰੱਸੀ ਰਾਹੀਂ ਕਿਲੇ ਦੀ ਦਿਵਾਰ'ਤੋਂ ਉਤਰ ਕੇ ਨ੍ਹਸਣ ਦੀ ਨਾਕਾਮਯਾਬ ਕੋਸ਼ਿਸ਼ ਕੀਤ੍ਰੀ ਪਰ ਇਕ ਫੌਜੀ ਨੇ ਵੇਖ ਲਇਆ ਅਤੇ ਜਾਨ ਬਖਸ਼ਨ ਏਵਜ਼ ਵੱਡੇ ਇਨਾਮ ਦੀ ਪੇਸ਼ਕਸ਼ ਦੇ

ਬਾਵਜੂਦ ਗੋਲੀ ਮਾਰ ਦਿਤ੍ਰੀ ॥ ਉਧਾ ਸਿਰ ਵੱਢ ਕੇ ਹੀਰਾ ਸਿੰਘ ਕੋਲ ਲੈ ਗਏ ॥ ਹੀਰਾ ਸਿੰਘ ਨੇ ਉਧੇ ਧੱੜ ਦੇ ਚਾਰ ਟੋਟ੍ਹੇ ਕਰਕੇ ਸ਼ਹਿਰ ਦੇ ਅੱਡ ਅੱਡ ਹਿੱਸਿਆਂ'ਚ ਭੇਜ ਦਿਤ੍ਰੇ ॥ ਲਹਿਣਾ ਸਿੰਘ ਜ੍ਹਿਧਾ ਪਟ੍ਹ ਇਕ ਜ਼ਮਬੂਰੇ ਦੇ ਗੋਲੇ ਨਾਲ ਫਟ ਗਇਆ ਸੀ ਇਕ ਤਹਿਖਾਨ੍ਹੇ'ਚ ਲੁਕਿਆ ਹੋਇਆ ਸੀ ॥ ਓਨ੍ਹੂ ਓੱਥੇ ਕੱਢਕੇ ਬੇਰਹਮੀ ਨਾਲ ਕਤਲ ਕਰ ਦਿਤ੍ਰਾ ਗਇਆ ਅਤੇ ਦਲੀਪ ਸਿੰਘ ਨੂੰ ਮਹਾਰਾਜਾ ਅਤੇ ਹੀਰਾ ਸਿੰਘ ਨੂੰ ਵਜ਼ੀਰ ਐਲਾਨ੍ਹਿਆ ਗਇਆ[੩੨] ॥

## ਮਹਾਰਰਾਜਾ ਦਲੀਪ ਸਿੰਘ



ਮਹਾਰਾਜਾ ਦਲੀਪ ਸਿੰਘ

ਮਹਾਰਾਜਾ ਦਲੀਪ ਸਿੰਘ ਦੇ ਤਖ਼ੁ'ਤੇ ਬੈਠਣ ਬਾਰੇ ਸ਼ਾਹ ਮੁਹੰਮਦ ਕਹਿੰਦਾ ਹੈ:

**ਦਲੀਪ ਸਿੰਘ ਗਦ੍ਹੀ ਉਤ੍ਹੇ ਰਹੇ ਬੈਠਾ ।**
**ਹੀਰਾ ਸਿੰਘ ਜੋ ਰਾਜ ਕਮਾਂਵਦਾ ਈ ।**
**ਜੱਲ੍ਹਾ ਉਸ ਦਾ ਖ਼ਾਸ ਵਜ਼ੀਰ ਹੈਸੀ ।**
**ਖ਼ਾਤਰ ਤਲੇ ਨਾ ਕਿਸੇ ਨੂੰ ਲਿਆਂਵਦਾ ਈ ।**
**ਅੰਦਰ ਬਾਹਰ ਸਰਕਾਰ ਨੂੰ ਪਿਆ ਘੂਰੇ ।**
**ਕਰੇ ਕੂੜ ਤੇ ਕੂੜ ਕਮਾਂਵਦਾ ਈ ।**
**ਸ਼ਾਹ ਮੁਹੰਮਦਾ ਪੰਥ ਨੂੰ ਦੁਖ ਦੇਂਦਾ ।**
**ਹੀਰਾ ਸਿੰਘ ਦਾ ਨਾਸ਼ ਕਰਾਂਵਦਾ ਈ ॥**

ਨਮਕ ਜਾਂ ਪਿੰਡ ਦਾਦਨ ਖਾਂ ਦੀ ਟਕਸਾਲ ਨੇ ਮਹਾਰਾਜਾ ਦਲੀਪ ਸਿੰਘ ਦੇ ਰਾਜ'ਚ ਹੀ ਕੰਮ ਕੀਤ੍ਹਾ ॥ ਜਿਵੇਂ ਕਿ ਅਸੀਂ ਪਿੱਛੇ ਦੱਸ ਆਏ ਹਾਂ ਕਿ ਇਹ ਟਕਸਾਲ ਵਿ: ਸੰ: ੧੯੦੪ ਅਤੇ ਵਿ: ਸੰ: ੧੯੦੫'ਚ ਹੀ ਚੱਲੀ ॥ ਸਿਖ ਰਾਜ ਵਿ: ਸੰ ੧੯੦੫'ਚ ਦੂਜੀ ਸਿਖ ਅੰਗ੍ਰੇਜੀ ਜੰਗ ਮਗਰੋਂ ਖੁੱਸ ਗਇਆ ॥ ਦੋਵੇਂ ਜੰਗਾਂ ਮਹਾਰਾਜਾ ਦਲੀਪ ਸਿੰਘ ਦੇ ਰਾਜ'ਚ ਹੀ ਹੋਈਆਂ ॥ ਪਹਿਲੀ ਸਿਖ ਅੰਗ੍ਰੇਜੀ ਜੰਗ ੧੮ ਦਸੰਬਰ ੧੮੪੫ ਈਸਵੀ ਜਾਂ ਵਿ: ਸੰ: ੧੯੦੨[੩੩] ਨੂੰ ਸ਼ੁਰੂ ਹੋਈ ਸੀ ਭਾਂਵੇ ਕਰਨੈਲ ਐਲੈਕਜ਼ੈਂਡਰ ਗਾਰਡਨਰ ਮੁਤਾਬਕ ਸ਼ਿਖ ਫ਼ੌਜ ਨੇ ਸਤਲੁਜ ਦਰਿਆ ੮ ਦਸੰਬਰ ੧੮੪੫ ਨੂੰ ਹੀ ਟੱਪ ਲਇਆ ਸੀ[੩੪] ॥ ਕਰਨੈਲ ਐਲੈਕਜ਼ੈਂਡਰ ਗਾਰਡਨਰ ਇਕ ਅਮਰੀਕੀ ਗੋਰਾ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਵਕਤ ਇਹ ਸਿੱਖ ਫ਼ੌਜ'ਚ ਭਰਤੀ ਹੋਇਆ ਸੀ ॥

ਹੇਠਾਂ ਇਕ ਵਿ: ਸੰ: ੧੯੦੨ ਦਾ ਗੋਬਿਦਸ਼ਾਹੀ ਸਿੱਕਾ ਜਿੜ੍ਹਾ ਪਹਿਲੀ ਸਿਖ ਅੰਗ੍ਰੇਜ਼ੀ ਜੰਗ ਦੇ ਹੋਣ ਵਾਲੇ ਵਰ੍ਹੇ'ਚ ਘੜ੍ਹਿਆ ਗਇਆ ਸੀ ॥



ਵਿ: ਸੰ: ੧੯੦੨ ਦਾ ਸ੍ਰੀ ਅਮ੍ਰਿਤਸਰ ਟਕਸਾਲ ਦਾ ਗੋਬਿੰਦਸ਼ਾਹੀ ਸਿੱਕਾ

ਪਹਿਲੀ ਸਿਖ ਅੰਗ੍ਰੇਜੀ ਜੰਗ ਬਾਰੇ ਡਾ: ਹੋਨਿਗਬਰਗਰ ਨੇ ਲਿਖਿਆ ਹੈ ਕਿ: ਜੋਤਸ਼ੀਆਂ ਨੇ ਇਕ ਸੁਭਾਗਸ਼ਾਲੀ ਦਿਨ ਦੱਸਿਆ ਅਤੇ ਫੌਜਾਂ ਕੋਈ ਹੋਰ ਗੱਲ ਸੋਚ੍ਹੇ ਬਿਨਾ ਹੀ ਕੂਚ ਕਰ ਗਈਆਂ ॥ ਹਜੇ ਅੰਗਰੇਜਾਂ ਨੂੰ ਇਸ ਜੰਗ ਬਾਰੇ ਕੁਝ ਨਹੀਂ ਸੀ ਪਤਾ ॥ ਸਤਲੁਜ ਦੇ ਦੂਝੇ ਪੱਸੇ ਚਾਰ ਲੜਾਈਆਂ ਹੋਈਆਂ । ਮੁਦਕੀ । ਫਿਰੋਜ਼ਸ਼ਹਿਰ । ਅਲੀਵਾਲ ਅਤੇ ਸਭਰਾਓਂ'ਚ[੩੩] ॥ ਪਰ ਇਹ ਹਾਲਾਤ ਕਿਵੇਂ ਬਣੇ ਙ੍ਹਿਧੇ ਵਾਸ੍ਤੇ ਥੋੜ੍ਹਾ ਜਿਹਾ ਪਿੱਛੇ ਜਾਣ ਦੀ ਲੋੜ ਹੈ ॥ ਹੀਰਾ ਸਿੰਘ ਦੀ ਵਜ਼ਾਰਤ ਪੰਡਿਤ ਜੱਲ੍ਹੇ ਦੇ ਸਹਾਰੇ ਚਲਦੀ ਸੀ ॥ ਦਲੀਪ ਸਿੰਘ ਦੇ ਤਖ਼੍'ਤੇ ਬੈਠਣ ਨਾਲ ਉਧੀ ਮਾਂ ਰਾਣੀ ਜਿੰਦਾ ਦਾ ਰਸੂਖ ਦਰਬਾਰ'ਚ ਬਹੁਤ ਵੱਧ ਗਇਆ ॥ ਛੇਤ੍ਰੀ ਹੀ ਰਾਣੀ ਜਿੰਦਾ ਦੇ ਆਲੇ ਦੁਆਲੇ ਬੇਈਮਾਨ ਸਾਜ਼ਿਸ਼ ਕਰਨ ਵਾਲੇ ਲੋਗ ਕੱਠੇ ਹੋ ਗਏ ॥ ਸਿਖ ਫੌਜ ਦੇ ਪੰਚਾਂ ਨਾਲ ਬੇਇੱਤਫਾਕੀ ਹੋਣ ਨਾਲ ਓਨ੍ਹਾਂ ਦੀ ਤਾਕਤ ਨੂੰ ਘਟਾਓਣ ਵਾਸ੍ਤੇ ਰਾਣੀ ਜਿੰਦਾ ਨੇ ਫੌਜ ਦੇ ਇਕ ਧੜ੍ਹੇ ਨੂੰ ਉਕਸਾ ਕੇ ਫੌਜ ਦੇ ਪੰਚਾ ਖਿਲਾਫ ਇਕ ਇਨਕਲਾਬ ਖੜਾ ਕਰ ਦਿਤ੍ਤਾ ॥ ਙ੍ਹਿਧਾ ਸਿਟ੍ਟਾ ਇਹ ਨਿੱਕਲਿਆ ਕਿ ਵਜ਼ੀਰ ਹੀਰਾ ਸਿੰਘ ਅਤੇ ਪੰਡਿਤ ਜੱਲ੍ਹੇ ਦਾ ਕਤਲ ਹੋ ਗਇਆ[੩੪] ॥

ਜੇ ਇਸਤੋਂ ਬਾਅਦ ਰਾਣੀ ਜਿੰਦਾ ਆਪਣੇ ਨਿਜੀ ਹਿਤ ਛੱਡ ਕੇ ਕੁਝ ਕਾਬਿਲ ਸਰਦਾਰਾਂ ਨੂੰ ਵਜ਼ਾਰਤ ਦੇ ਦੇਂਦੀ ਤਾਂ ਫੌਜ ਦੀ ਵੱਧਦੀ ਹੋਈ ਤਾਕਤ ਨੂੰ ਠੱਲ ਪਾਇਆ ਜਾ ਸਕਦਾ ਸੀ ॥ ਪਰ ਙ੍ਹਿਧੇ ਉਲ੍ਹ ਓਨ੍ਹੇ ਵਜ਼ਾਰਤ ਆਪਣੇ ਭਰਾ ਜਵਾਹਰ ਸਿੰਘ ਨੂੰ

ਬਕਸ਼ੀ ॥ ਜਵਾਹਰ ਸਿੰਘ ਭੀ ਬਹੁਤ ਵਜ਼ਾਰਤ'ਤੇ ਨਹੀਂ ਰਹਿ ਸੱਕਿਆ ॥ ਜਵਾਹਰ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੇ ਪੁਤ੍ਤਰ ਪਿਸ਼ੋਰਾ ਸਿੰਘ ਜੋ ਤਖ੍ਤ ਦਾ ਇਕ ਦਾਵੇਦਾਰ ਹੋ ਸਕਦਾ ਸੀ[੩੫] । ਦਾ ਕਤਲ ਕਰਵਾ ਦਿਤ੍ਤਾ ॥ ਪਰ ਇਸ ਕਤਲ ਦਾ ਫ਼ੌਜ ਨੂੰ ਪਤਾ ਲਗ੍ਗ ਗਇਆ ਅਤੇ ਫੌਜ ਨੇ ਸ਼ਹਿਜ਼ਾਦੇ ਪਿਸ਼ੌਰਾ ਸਿੰਘ ਦੇ ਕਤਲ ਦਾ ਬਦਲਾ ਲੈਣ ਵਾਸ੍ਤੇ ਵਜ਼ੀਰ ਜਵਾਹਰ ਸਿੰਘ ਜੋ ਰਾਣੀ ਜਿੰਦਾ ਦਾ ਭਰਾ ਸੀ । ਕਤਲ ਕਰ ਦਿਤ੍ਤਾ[੩੬] ॥ ਰਾਣੀ ਜਿੰਦਾ ਨੂੰ ਇਸ ਵਾਕਿਆਤ ਨਾਲ ਬਹੁਤ ਸਦਮਾ ਲਗ੍ਗਾ ॥ ਕਈ ਹਫ੍ਤੇ ਤਾਂਈ ਰਾਣੀ ਨੇ ਵੈਣ ਪਾਏ ਅਤੇ ਰੋਣਾ ਪਿਟ੍ਣਾ ਕਰਦੀ ਰਹੀ । ਅਤੇ ਲੁਕਾਈ'ਚ ਖੁਲ੍ਹੇ ਵਾਲਾਂ ਨਾਲ ਆਉਂਦੀ ਸੀ ਜਿਵੇਂ ਪਾਗਲ ਹੋ ਗਈ ਹੋਵੇ[੩੭] ॥

ਜਵਾਹਰ ਸਿੰਘ ਦੇ ਕਤਲ ਮਗਰੋਂ ਰਾਣੀ ਜਿੰਦਾ ਨੇ ਆਪਣੇ ਯਾਰ ਲਾਲ ਸਿੰਘ ਨੂੰ ਵਜ਼ਾਰਤ ਦੇ ਦਿਤ੍ਤੀ ॥ ਰਾਣੀ ਬਹੁਤ ਵਾਰੀ ਗਰਭਵਤੀ ਹੋਈ ਪਰ ਹਰ ਵਾਰੀ ਗਰਭਪਾਤ ਕਰਾ ਲੈਂਦੀ ਸੀ ॥ ਇਹ ਇਕ ਇਹੋ ਜਿਹਾ ਰਾਜ਼ ਸੀ ਜੋ ਹਰ ਕੋਈ ਜਾਣਦਾ ਸੀ[੩੮] ॥ ਇਸ ਗੱਲ'ਚ ਕੋਈ ਸ਼ਕ ਨਹੀਂ ਕਿ ਇਸਤੋਂ ਬਾਅਦ ਫੌਜ'ਚ ਜਾਂ ਦਰਬਾਰ'ਚ ਕੋਈ ਭੀ ਰਾਣੀ ਜਾਂ ਉ੍ਹਧੇ ਚਹੇਤੇ ਤੋਂ ਡਰਦਾ ਨਹੀਂ ਸੀ ॥ ਹਰ ਫੌਜੀ ਟੁਕੜੀ'ਚ ਦੋ ਪੰਚ ਹੁੰਦੇ ਸੀ ਜਿੜ੍ਹੀ ਆਪਣੀਆਂ ਗੱਲਾਂ ਦਰਬਾਰ'ਤੇ ਜ਼ੋਰ ਪਾਕੇ ਮਨਵੌਂਦੇ ਸੀ ॥ ਇਹ ਓਦੋਂ ਤਾਂਈ ਚੱਲਦਾ ਰਿਹਾ ਜਦੋਂ ਤਾਂਈ ਰਾਣੀ ਅਤੇ ਉ੍ਹਧਾ ਯਾਰ ਫੌਜ ਦੀ ਨਜ਼ਰਾਂ'ਤੋਂ ਉਤ੍ਤਰ ਨਹੀਂ ਗਏ ॥ ਫੌਜੀ ਰਾਣੀ ਅਤੇ ਉ੍ਹਧੇ ਯਾਰ ਦੀ ਸਾਰੇ ਬੰਦਿਆਂ ਸਾਹਮਣੇ ਬੇਇਜ਼ਤ੍ਤੀ ਕਰਦੇ ਸੀ ॥ ਇ੍ਹਧੇ'ਚ ਕੋਈ ਸ਼ਕ ਨਹੀਂ ਸੀ ਕਿ ਫੌਜੀਆਂ ਦੇ ਗਿਣੇ ਚੁਣੇ ਦਿਨ ਹੀ ਰਹਿ ਗਏ ਸੀ ਅਤੇ ਰਾਣੀ ਨੂੰ ਅੰਗ੍ਰੇਜ਼ਾਂ ਤੋਂ ਆਪਣੇ ਬਚਾਓ ਵਾਸ੍ਤੇ ਗੁਹਾਰ ਲਗਾਓਣੀ ਚਾਹੀਦੀ ਸੀ ॥ ਇਹ ਡਾ: ਹੋਨਿਗਬਰਗਰ ਦਾ ਮਨਣਾ ਸੀ[੩੯] ॥ ਪਰ ਇਸਨੂੰ ਅੰਜਾਮ ਕਿਵੇਂ ਦਿਤ੍ਤਾ ਗਇਆ ? ਅੰਗ੍ਰੇਜ਼ਾਂ ਨਾਲ ਜੰਗ ਕਰਕੇ ॥ ਸ਼ਾਹ ਮੁਹੰਮਦ ਇਸਦੇ ਬਾਰੇ ਲਿਖਦਾ ਹੈ:

ਜਿਨ੍ਹਾਂ ਮਾਰਿਆ ਕੋਹਿ ਕੇ ਵੀਰ ਮੇਰਾ ।
ਮੈਂ ਤਾਂ ਖੁਹਾਊਂਗੀ ਉਨ੍ਹਾਂ ਦੀ ਜੁੰਡੀਆਂ ਨੀ ॥
ਧਾਂਕਾਂ ਜਾਣ ਵਲਾਇਤੀਂ ਦੇਸ ਸਾਰੇ ।
ਪਾਵਾਂ ਬਕਰੇ ਵਾਂਗ ਚਾ ਵੰਡੀਆਂ ਨੀ ॥
ਚੂੜੇ ਲਹਿਣਗੇ ਬਹੁਤ ਸੁਹਾਗਣਾਂ ਦੇ ।

ਨੱਥ । ਚੌਂਕ ਤੇ ਵਾਲੀਆਂ ਨੀ ॥
ਸ਼ਾਹ ਮੁਹੰਮਦਾ ਪੈਣਗੇ ਵੈਣ ਡੂੰਘੇ ।
ਜਦੋਂ ਰੋਣ ਪੰਜਾਬਣਾਂ ਰੰਡੀਆਂ ਨੀ ॥
ਅਰਜ਼ੀ ਲਿਖੀ ਫ਼ਰੰਗੀ ਨੂੰ ਕੁੰਜ ਗੋਸ਼ੇ ।
ਪਹਿਲੇ ਆਪਣਾ ਸੁਖ ਅਨੰਦ ਵਾਰੀ ।
ਤੇਰੀ ਵਲ ਮੈਂ ਫ਼ੌਜ ਨੂੰ ਘਲਣੀ ਆਂ ।
ਖਟ੍ਟੇ ਕਰੀਂ ਇਨ੍ਹਾਂ ਦੇ ਦੰਦ ਵਾਰੀ ।
ਜ੍ਹਿੜਾ ਜ਼ੋਰ ਤੂੰ ਆਪਣਾ ਸਭ ਲਾਵੀਂ ।
ਪਿੱਛੇ ਖ਼ਰਚ ਕਰਾਂਗੀ ਬੰਦ ਵਾਰੀ ।
ਸ਼ਾਹ ਮੁਹੰਮਦਾ ਫੇਰ ਨਾ ਆਉਣ ਮੁੜ ਕੇ ।
ਮੈਨੂੰ ਏਤਨੀ ਬਾਤ ਪਸੰਦ ਵਾਰੀ ॥

ਦੋ ਖਾਲਸਾ ਫੌਜਾਂ ਦੇ ਕਾਇਰ ਜਰਨੈਲ ਜਿਨ੍ਹਾਂ ਤੋਂ ਫੌਜ ਨਫਰਤ ਕਰਦੀ ਸੀ । ਲਾਲ ਸਿੰਘ ਅਤੇ ਚੇਤ ਸਿੰਘ । ਦੋਵੇਂ ਬ੍ਰਾਮਣ ਸੀ ॥ ਪਹਿਲੀ ਸਿੱਖ ਅੰਗ੍ਰੇਜ਼ੀ ਜੰਗ'ਦੇ ਵਕਤ ਲਾਲ ਸਿੰਘ ਨ੍ਹੱਸ ਗਇਆ ਅਤੇ ਵੀਹ ਦਿਨਾਂ ਤਾਂਈ ਲੁਧਿਆਣੇ ਜਾਕੇ ਇਕ

ਤੰਦੂਰ'ਚ ਲੁਕਿਆ ਰਿਹਾ ॥ ਜੇ ਸਿੱਖਾਂ ਨੂੰ ਇਸ ਬਾਰੇ ਪਤਾ ਲਗ੍ਗ ਜਾਂਦਾ ਤਾਂ ਓਨ੍ਹਾਂ ਨੇ ਇਨ੍ਹੂ ਤੰਦੂਰੇ ਹੀ ਲਾ ਦੇਣਾਂ ਸੀ[੪੦] ॥

ਸਰਦਾਰ ਤੇਜ ਸਿੰਘ ਹਮੇਸ਼ਾਂ ਆਪਣੇ ਆਪ ਨੂੰ ਫੌਜ ਦੇ ਸਿਖਰ'ਤੇ ਰਖਦਾ ਸੀ ਪਰ ਹਮੇਸ਼ਾਂ ਲਾਮ ਦੇ ਅਖੀਰ'ਚ ਰਹਿੰਦਾ ਸੀ ਅਤੇ ਕਹਿੰਦਾ ਸੀ ਕਿ ਅਗ੍ਗੇ ਜਾਕੇ ਲੜਣਾ ਉਧਾ ਕੰਮ ਨਹੀਂ ਸੀ ॥ ਕਿਸੇ ਭੀ ਫੌਜੀ ਨੂੰ ਤੇਜ ਸਿੰਘ'ਤੇ ਯਕੀਨ ਨਹੀਂ ਸੀ ॥ ਦੂੱਜੇ ਪੱਸੇ ਰਾਣੀ ਦੀ ਨੀਤੀ ਸੀ ਕਿ ਫੌਜ ਦੀ ਜਿਤ੍ਹ ਬਾਰੇ ਚਿੰਤਾ ਜਤੌਣੀ ਪਰ ਓਨ੍ਹਾਂ ਦੀ ਕੋਈ ਮਦਦ ਨਾਂ ਕਰਣੀ ॥ ਜੇ ਦਿੱਲੀ ਫਤਹਿ ਕਰ ਲਈ ਜਾਂਦੀ ਤਾਂ ਰਾਣੀ ਨੂੰ ਲੁਟ੍ਰਿਆ ਹੋਇਆ ਪੈਸਾ ਮਿਲਦਾ ਅਤੇ ਉਧਾ ਨਾਉਂ ਹੁੰਦਾ । ਜੇ ਅੰਗ੍ਰੇਜਾਂ ਦੀ ਜਿਤ੍ਹ ਹੁੰਦੀ ਫੇਰ ਰਾਣੀ ਓਨ੍ਹਾਂ ਕੋਲ ਆਪਣੀ ਰੱਖੀ ਦੀ ਗੁਹਾਰ ਲਗਾ ਸਕਦੀ ਸੀ[੪੧] ॥

ਇਸ ਵਕਤ ਗੁਲਾਬ ਸਿੰਘ ਨੂੰ ਜੋ ਚਾਲੀ ਹਜ਼ਾਰ ਫੌਜੀ ਲਿਆ ਸਕਦਾ ਸੀ । ਸਿਖਾਂ ਨੇ ਕਿਹਾ ਕਿ ਤੇਜ ਸਿੰਘ ਅਤੇ ਲਾਲ ਸਿੰਘ ਗਦ੍ਹਾਰਾਂ ਨੂੰ ਮਾਰਕੇ ਓਹ ਗੁਲਾਬ ਸਿੰਘ ਨੂੰ ਮਹਾਰਾਜਾ ਥਾਪ ਦੇਣਗੇ ॥ ਪਰ ਰਾਂਣੀ ਜਿੰਦਾ ਨੇ ਓਨ੍ਹੂ ਕਿਹਾ ਕਿ ਓਹ ਜੱਮੂ ਡਟਿਆ ਰਹ੍ਹੇ ਅਤੇ ਜਦੋਂ ਤਾਂਈ ਰਾਣੀ ਸਦ੍ਹਾ ਨਾਂ ਭੇੱਜੇ । ਨਾਂ ਆਵੇ [੪੨]॥

ਫਿਰੋਜ਼ਸ਼ਾਹ ਅਤੇ ਸਭਰਾਓਂ ਦੀ ਲੜਾਈਆਂ ਦੌਰਾਨ ਇਕ ਨਾਟਕੀ ਘਟਨਾ ਘਟੀ ॥ ਸਿੱਖਾਂ ਦਾ ਰਾਸ਼ਨ ਮੁੱਕ ਚੱਲਿਆ ਸੀ । ਓਨ੍ਹਾਂ ਨੇ ਚੋਣਵੇਂ ਪੰਜ ਸੌ ਫੌਜੀਆਂ ਦਾ ਜੱਥਾ ਲਾਹੌਰ ਦਰਬਾਰ ਨੂੰ ਭੇੌਜਿਆ ॥ ਰਾਣੀ ਨੇ ਪਹਿਲਾਂ ਓਨ੍ਹਾਂ ਨੂੰ ਮਿਲਣ ਤੋਂ ਸਾਫ ਮਨਾ ਕਰ ਦਿਤ੍ਤਾ ॥ ਓਨ੍ਹੂ ਆਪਣੀ ਜਾਣ ਦਾ ਡਰ ਸੀ ॥ ਪਰ ਜਦੋਂ ਕਰਨੈਲ ਐਲੈਕਜ਼ੈਂਡਰ ਗਾਰਡਨਰ ਨੇ ਚਾਰ ਪਲਟਨਾਂ ਰਾਣੀ ਦੀ ਸੁਰੱਖਿਆ ਵਾਸ੍ਤੇ ਤਾਇਨਾਤ ਕੀਤ੍ਤੀਆਂ ਤਾਂ ਓਹ ਵਫਦ ਨੂੰ ਮਿਲਣ ਵਾਸ੍ਤੇ ਤਿਆਰ ਹੋ ਗਈ ॥ ਵਫਦ ਨੂੰ ਮਿਲਣ'ਤੇ ਰਾਣੀ ਨੇ ਕਿਹਾ ਕਿ ਰਾਜਾ ਗੁਲਾਬ ਸਿੰਘ ਡੋਗਰੇ ਨੇ ਜੰਗ ਦੇ ਮੈਦਾਨ'ਚ ਰਸਦ ਭੇੱਜੀ ਹੈ ॥ ਫੌਜੀਆਂ ਨੇ ਕਿਹਾ ਕਿ ਸਾਨ੍ਹੂ ਕੁਝ ਨਹੀਂ ਮਿਲਿਆ ॥ ਇਸਦੇ ਬਾਅਦ ਕਾਫੀ ਬਹਿਸ ਹੋਈ'ਤੇ ਵਫਦ ਨੇ ਗੋਲਾ ਬਰੂਦ ਮੰਗਿਆਂ ਪਰ ਰਾਣੀ ਨੇ ਆਪਣਾ ਘਗਰਾ ਲਾਕੇ ਵਫਦ ਦੇ ਮੂੰਹ'ਤੇ ਮਾਰਿਆ ਅਤੇ ਆੱਖਿਆ ਕਿ "ਕਾਇਰੋ ਇਹ ਪਾ ਲਉ ਮੈਂ ਆਪ ਜੰਗ ਦੇ ਮੈਦਾਨ'ਚ ਜਾਂਵਾਗੀ" ॥ ਇਹ ਸੁਣ ਕੇ ਵਫਤ ਨੇ ਨਾਰਾ ਲਾਇਆ "ਮਹਾਰਾਜਾ ਦਲੀਪ ਸਿੰਘ ਜੀ ਖਾਲਸਾ ਤੁਹਾਡੇ ਵਾਸ੍ਤੇ ਆਪਣੀ ਜਾਣ ਵਾਰ ਦੇਵੇਗਾ"[੪੩] ॥

੧੦ ਫਰਵਰੀ ੧੮੪੬ ਨੂੰ ਸਭਰਾਂਓਂ ਦੀ ਲੜਾਈ ਹੋਈ ਜਿਨ੍ਹੇ ਮੁਲਕ ਦੀ ਤਕਦੀਰ ਦਾ ਫੈਸਲਾ ਕੀਤ੍ਤਾ ॥ ਤੇਜਾ ਸਿੰਘ ਗਦ੍ਹਾਰ ਨ੍ਹਸਦੇ ਵਕਤ ਆਪਣੇ ਮਗਰ ਪੁਲ ਤੋੜ ਗਇਆ ਅਤੇ ਸਿਖ ਫੌਜਾਂ ਇਸ ਵਜ੍ਹਾ ਕਰਕੇ ਬੇਬਸ ਹੋ ਗਈਆਂ[੪੪] ॥ ਆਖਿਰਕਾਰ ਸਿੱਖਾਂ ਦੀ ਇਸ ਜੰਗ'ਚ ਹਾਰ ਹੋ ਗਈ ॥

ਹਾਰ ਮਗਰੋਂ ਦਲੀਪ ਸਿੰਘ ਨੂੰ ਰਾਜਧਾਨੀ ਤੋਂ ਲਿਆਇਆ ਗਇਆ ਤਾਕਿ ਓਹ ਰਾਜ਼ੀਨਾਮੇ'ਤੇ ਆਪਣੀ ਮੋਹਰ ਲਗਾ ਸਕੇ ॥ ਮੁਲਕ ਨੂੰ ਕਮਜੋਰ ਕਰਣ ਵਾਸ੍ਤੇ ਤਿੰਨ ਹਿੱਸੇ ਕਰ ਦਿਤ੍ਤੇ ਗਏ ॥ ਇੱਕ ਹਿੱਸਾ ਸਿਖਾਂ ਵਾਸ੍ਤੇ ਛੱਡ ਦਿਤ੍ਤਾ ਗਇਆ ॥ ਦੂਜਾ ਹਿੱਸਾ ਸਤਲੁਜ ਦੇ ਦੱਖਣ ਦਾ ਲਾਹੌਰ ਦਰਬਾਰ ਦੇ ਹੇਠ ਇਲੱਾਕਾ ਅੰਗਰੇਜ਼ਾਂ ਨੇ ਜ਼ਬ੍ਤ ਕਰ ਲਇਆ ਅਤੇ ਕਸ਼ਮੀਰ ਇਨਾਮ ਵੱਜੋਂ ਜੋ ਕੰਮ ਡੋਗਰੇ ਗੁਲਾਬ ਸਿੰਘ ਨੇ ਈਸ੍ਟ ਇੰਡੀਆਂ ਕੰਪਨੀ ਵਾਸ੍ਤੇ ਕੀਤ੍ਤਾ ਸੀ । ਨੂੰ ਵੇਚ ਦਿਤ੍ਤਾ ॥ ਅੰਗ੍ਰੇਜ਼ਾ ਨੇ ਲਾਹੌਰ ਦਰਬਾਰ ਤੋਂ ਜੰਗ ਦਾ ਮੁਆਵਜ਼ਾ ਡੇਢ ਕਰੋੜ ਰੁਪੱਈਏ ਮੰਗਿਆ ॥ ਜਾਂ ਫੇਰ ਉ੍ਹਧੇ ਬਦਲੇ'ਚ ਸ਼ਤਲੁਜ ਦੇ ਦੱਖਣ'ਚ ਸਾਰਾ ਲਾਹੌਰ ਦਰਬਾਰ ਦਾ ਇਲਾਕਾ ਸਤਲੁਜ ਅਤੇ ਬਿਆਸ ਦੇ ਦੁਆਬ'ਚ ਅਤੇ ਬਿਆਸ ਅਤੇ ਸਿੰਧ ਦਰਿਆਂਵਾਂ ਦੇ ਵਿਚਕਾਰ ਸਾਰੇ ਪਹਾੜ੍ਹੀ ਇਲਾਕੇ । ਹਜ਼ਾਰਾ ਅਤੇ ਕਸ਼ਮੀਰ ਸਮੇਤ । ਅਤੇ ਨਾਲ ਹੀ ਪੰਜਾਹ ਲੱਖ ਰੁਪਈਏ ਦੇਣ ਨੂੰ ਕਹਿਆ[੪੫] ॥

ਅੰਗ੍ਰੇਜਾਂ ਨੇ ੧੬ ਮਾਰ੍ਹ ੧੮੪੬ ਨੂੰ ਸ੍ਰੀ ਅਮ੍ਰਿਤਸਰ ਵਿੱਖੇ ਗੁਲਾਬ ਸਿੰਘ ਡੋਗਰੇ ਨਾਲ ਅਹਿਦਨਾਮਾ ਕੀਤ੍ਰਾ ॥ ਇ੍ਹਧੇ'ਚ ਲਾਹੌਰ ਦਰਬਾਰ ਦੇ ਸਿੰਧ ਦਰਿਆ ਦੇ ਪੂਰਬ'ਚ ਸਾਰੇ ਪਹਾੜੀ ਇਲੱਕੇ ਚੰਬਾ ਸਮੇਤ ਪਰ ਲਾਹੌਲ ਨੂੰ ਛੱਡ ਕੇ ਅੰਗ੍ਰੇਜ਼ਾ ਨੂੰ ਦੇਣੇ ਮੰਨ ਲਏ ਅਤੇ ਕਸ਼ਮੀਰ ਦੇ ਏਵਜ਼'ਚ ਬਰਤਾਨਿਆ ਸਰਕਾਰ ਨੂੰ ਦੱਸ ਲੱਖ ਪੌਂਡ[੪੬] ਜਾਂ ਪੰਜੱਤ੍ਰਰ ਲੱਖ ਰੁਪਏ ਨਾਨਕਸ਼ਾਹੀ[੪੭] ਦੇਣੇ ਮੰਨ ਲਏ ॥ ਸੋ ਕਸ਼ਮੀਰ ਡੋਗਰਿਆਂ ਨੇ ਨਾਨਕਸ਼ਾਹੀ ਰੁਪੱਈਆਂ ਨਾਲ ਮੁੱਲ ਲਇਆ ॥

ਜੰਗ ਤੋਂ ਬਾਅਦ ਰਾਣੀ ਜਿੰਦਾ ਹੈਰਾਨ ਹੁੰਦੀ ਸੀ ਕਿ ਕਿਓਂ ਨਹੀਂ ਕੋਈ ਨਾਮਵਰ ਅੰਗ੍ਰੇਜ਼ੀ ਅਫਸਰਾਂ'ਚੋਂ ਉ੍ਹਧੇ ਵਾਸ੍ਤੇ ਕੋਈ ਵਿਆਹ ਵਾਸ੍ਤੇ ਰਿਸ਼੍ਤਾ ਚੁਣਿਆ ਗਇਆ ਜੋ ਉ੍ਹਧੇ ਨਾਲ ਰਾਜ ਪਾਟ ਦਾ ਕੰਮ ਸੰਭਾਲਦਾ ॥ ਓਹ ਅਫਸਰਾਂ ਦੀਆਂ ਤਸਵੀਰਾਂ ਮੰਗਵਾਉਂਦੀ ਰਹਿੰਦੀ ਅਤੇ ਇਕ ਸ਼ਕਸ ਦੀ ਤਸਵੀਰ ਨੂੰ ਵੇੱਖਕੇ ਕਹਿੰਦੀ ਕਿ ਇਹ ਜ਼ਰੂਰ ਲਾਟ ਸਾਹਿਬ ਹੋਣਾ ॥ ਪਰ ਇਹ ਰਿਸ਼੍ਤਾ ਗਾਂਹਾਂ ਨਹੀਂ ਵਧਿਆ ॥ ਰਾਣੀ ਦਾ ਇਹ ਸੋਚ੍ਹਨਾ ਸੀ ਕਿ ਇਹੋ ਜਿਹਾ ਰਿਸ਼੍ਤਾ ਉ੍ਹਧਾ ਅਤੇ ਦਲੀਪ ਸਿੰਘ ਦਾ ਭਵਿਖ ਸੁਰੱਖਿਅਤ ਕਰ ਦੇਵੇਗਾ[੪੮] ॥

ਇਹ ਜੰਗ ਦੀ ਤਵਾਰੀਖ ਪੜ੍ਹਕੇ ਇਹ ਕੋਈ ਕਹਿ ਸਕਦਾ ਹੈ ਕਿ ਇਸ ਜੰਗ'ਚ ਸਿੱਖਾ ਦੀ ਫਤਹਿ ਹੋਈ? ਪਰ ਇਹ ਗੱਲ ਇਕ ਸ੍ਰੀ ਅਮ੍ਰਿਤਸਰ ਟਕਸਾਲ ਦੇ ਵਿ: ਸੰ: ੧੯੦੨ ਦੇ ਨਾਨਕਸ਼ਾਹੀ ਸਿੱਕੇ ਜ੍ਹਿਧੇ ਤੇ ਝੰਡਾ ਬਣਿਆ ਹੋਇਆ ਹੈ । ਸਿੱਕਾ ਵੇਚਣ ਵਾਲੇ ਨੇ ਕਹੀ ਹੈ । ਜੋ ਸਟੀਵ ਐਲਬਮ ਰੇਅਰ ਕੋਇਨਜ਼ ਦੀ ਸੈਂਤੀਵੀਂ ਨਿਲਾਮੀ(Auction 37)'ਚ ਮਹਿੰਗੇ ਭਾਅ'ਚ ਵਿਕਿਆ ਸੀ ॥ ਬਹੁਤ ਸਿਖ ਸਿੱਕਿਆਂ ਦੇ ਕੱਠੇ ਕਰਣ ਵਾਲੇ ਲੋਕਾਂ ਨੂੰ ਸਿੱਕਿਆਂ ਦੀ ਤਵਾਰੀਖ ਅਤੇ ਸਿੱਖ ਤਵਾਰੀਖ ਜਾਂ ਇਤਹਾਸ ਬਾਰੇ ਨਹੀਂ ਪਤਾ ॥ ਇਸਦਾ ਭਰਪੂਰ ਫਾਇਦਾ ਸਿੱਕਾ ਵੇਚਣ ਵਾਲੇ ਦਲਾਲ(dealer) ਚੁੱਕਦੇ ਨੇ ॥ ਇਸ ਸਿੱਕੇ ਦੀ ਇਕ ਤਸਵੀਰ:



ਵਿ: ਸੰ: ੧੯੦੨ ਦਾ ਸ੍ਰੀ ਅਮ੍ਰਿਤਸਰ ਟਕਸਾਲ ਦਾ ਸਿੱਕਾ । ਤਸਵੀਰ ਸਟੀਵ ਐਲਬਮ ਰੇਅਰ ਕੋਇਨਜ਼ ਦੇ ਸਦਕੇ
Image courtesy of Steve Album Rare Coins

ਇਹ ਗੱਲ ਤੇ ਠੀਕ ਹੈ ਕਿ ਜੰਗ ੧੯੦੨'ਚ ਸ਼ੁਰੂ ਹੋਈ ॥ ਪਰ ਇਹ ਕਹਿਣਾ ਕਿ ਇਹ ਸਿੱਖਾਂ ਦੀ ਜਿਤੂ ਦੀ ਨਿਸ਼ਾਨੀ ਹੈ ਓਹ ਗਲਤ ਹੈ ॥ ਕੀ ਮੁਲਕ ਦਾ ਅੱਧਾ ਇੱਲਾਕਾ ਖੁੱਸ ਜਾਣਾ । ਅੰਗਰੇਜ਼ੀ ਹਕੂਮਤ ਦੀਆਂ ਸ਼ਰਤਾਂ ਮਨਣਾ  ਜਦੋਂ ਅੰਗ੍ਰੇਜ਼ ਦਰਬਾਰ'ਚ ਹੀ ਕੁਰਸੀ ਡਾਹ ਕੇ ਬੈਠ ਗਇਆ । ਕੀ ਜੰਗ'ਚ ਜਿਤੂ ਸੀ?

ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ'ਚ ਜੰਗ ਦੀ ਤਾਰੀਖ ਦਾ ਵੇਰਵਾ ਇੰਞ ਦਿਤ੍ਰਾ ਹੈ:

**ਸੰਮਤ ਉਨਨ੍ਹੀ ਸੈ ਦੂਸਰਾ ਉਤਰਿਆ ਸੀ ।**
**ਜਦੋਂ ਹੋਇਆ ਫ਼ਰੰਗੀ ਦਾ ਜੰਗ ਮੀਆਂ ।**
**ਹੈਸੀ ਖ਼ੂਨ ਦੀ ਉਹ ਜ਼ਮੀਨ ਪਿਆਸੀ ।**
**ਹੋਇਆ ਸੁਰਖ਼ ਸ਼ਰਾਬ ਦੇ ਰੰਗ ਮੀਆਂ ।**
**ਧਰਤੀ ਵੱਢ ਕੇ ਧੂੜ ਦੇ ਬਣੇ ਬਦੂਲ ।**
**ਜੈਸੇ ਚੜ੍ਹੇ ਅਕਾਸ਼ ਪਤੰਗ ਮੀਆਂ ।**
**ਸ਼ਾਹ ਮੁਹੰਮਦਾ ਸਿਰਾਂ ਦੀ ਲਾਇ ਬਾਜ਼ੀ ।**
**ਨਹੀਂ ਮੋੜਦੇ ਸੂਰਮੇ ਅੰਗ ਮੀਆਂ ॥**

ਇਨ੍ਹਾਂ ਵਾਕਾਂ ਨਾਲ ਸ਼ਾਹ ਮੁਹੰਮਦ ਆਪਣਾ ਜੰਗਨਾਮਾ ਖਤਮ ਕਰਦਾ ਹੈ ॥ ਇਹ ਜੰਗਨਾਮਾ ਇਕ ਇਤਹਾਸਿਕ ਸ੍ਰੋਤ ਹੈ ਜੋ ਠੀਕ ਠੀਕ ਤਵਾਰੀਖ ਨੂੰ ਬਿਆਨ ਕਰਦਾ ਹੈ ॥

ਇਹ ਕਿਸ ਤਰ੍ਹਾਂ ਯਕੀਨੀ ਤੌਰ ਤੇ ਕਹਿਆ ਜਾ ਸਕਦਾ ਹੈ ਕਿ ਜੰਗ ਵਿ: ਸੰ: ੧੯੦੩'ਚ ਮੁੱਕੀ? ਇਸਦਾ ਜਵਾਬ ਹੈ ਕਸ਼ਮੀਰ ਟਕਸਾਲ ਦੇ ਦੋ ਸਿੱਕੇ ॥ ਇਕ ਸਿੱਖਾਂ ਦਾ ਜਾਰੀ ਕੀਤ੍ਰਾ ਹੋਇਆ ਦੂੱਜਾ ਡੋਗਰੇ ਗੁਲਾਬ ਸਿੰਘ ਦਾ ਜਾਰੀ ਕੀਤ੍ਰਾ ਹੋਇਆ ॥



ਵਿ: ਸੰ: ੧੯੦੩ ਦਾ ਕਸ਼ਮੀਰ ਟਕਸਾਲ ਦਾ ਸਿੱਖਾਂ ਦਾ ਸਿੱਕਾ ਗੋਬਿਦਸ਼ਾਹੀ ਇਬਾਰਤ ਪੜ੍ਹੀ ਜਾ ਸਕਦੀ ਹੈ

ਉੱਪਰਲਾ ਸਿੱਕਾ ਦੋ ਵਾਰ ਠੋਕਿਆ ਜਾਣ ਕਰਕੇ ਵਰ੍ਹਾ ਦੋਹਰਾ ਘੜ੍ਹਿਆ ਗਇਆ ਪਰ ਫੇਰ ਭੀ ੩ "٣" ਦਾ ਨਿਸ਼ਾਨ ਸਾਫ ਹੈ ॥



ਵਿ: ਸੰ: ੧੯੦੩ ਦਾ ਕਸ਼ਮੀਰ ਟਕਸਾਲ ਦਾ ਗੁਲਾਬ ਸਿੰਘ ਡੋਗਰੇ ਦਾ ਸਿੱਕਾ

ਭਾਂਵੇ ਤੁਸੀਂ ਫਾਰਸੀ'ਚ ਲਿਖੀ ਇਬਾਰਤ ਨਾਂ ਪੜ੍ਹ ਸਕੋਂ ਫੇਰ ਭੀ ਇਬਾਰਤ ਦਾ ਫਰਕ ਤਾਂ ਸਾਫ ਨਜ਼ਰ ਆ ਰਿਹਾ ਹੈ ॥ ਸਿੱਖਾਂ ਦੇ ਸਿੱਕੇ'ਤੇ ਤਾਂ ਗੋਬਿੰਦਸ਼ਾਹੀ ਇਬਾਰਤ ਕਸ਼ਮੀਰੀ ਜਾਂ GSL.KMR ਘੜ੍ਹੀ ਹੋਈ ਹੈ ॥ ਪਰ ਡੋਗਰੇ ਗੁਲਾਬ ਸਿੰਘ ਦੇ ਸਿੱਕੇ ਦੇ ਸਿੱਧੇ ਪਾਸੇ ਜੋ ਘੜ੍ਹਿਆ ਹੋਇਆ ਹੈ । ਓਹ ਹੈ:



ਅਤੇ ਗੁਰਮੁਖੀ'ਚ ਇਹ ਹੈ:

"ਰ ਘੋ ਨਾ ਥਹ ਜੀ ਸਹਾ ਈ" ਮਤਲਬ ਰਘੂਨਾਥ ਜੀ ਸਹਾਇ ॥ ਅਤੇ ਸਿੱਕੇ ਦੇ ਦੂਜੇ ਪਾਸੇ ਸਿੱਖਾਂ ਦੇ ਸਿੱਕਿਆਂ ਵਾਂਙ ਪੜ੍ਹਾ ਘੜ੍ਹਿਆ ਹੋਇਆ ਹੈ ॥ ਪਰ ਸਿਖਾਂ ਦੇ ਸਿੱਕਿਆਂ ਤੋਂ ਅੱਡ। ਟਕਸਾਲ ਦਾ ਨਾਓਂ ਕੁਝ ਇਸ ਤਰ੍ਹਾਂ ਘੜ੍ਹਿਆ ਹੋਇਆ ਹੈ:



ਜੋ ਗੁਰਮੁਖੀ'ਚ ਹੈ:

"ਸਰ ਇ ਨਗਰ ਸਹਹ ਇ"। ਮਤਲਬ ਸ੍ਰੀ ਨਗਰ ਸਹਾਇ ॥ ਇਸ ਸਿੱਕੇ'ਤੇ ਸਿਰਫ "ਈ ਨਗਰ ਸਹਾਇ" ਹੀ ਪੜ੍ਹਿਆ ਜਾ ਸਕਦਾ ਹੈ ॥ ਸੋ ਇਨ੍ਹਾਂ ਸਿੱਕਿਆਂ ਨੂੰ ਵੇਖਣ ਤੋਂ ਬਾਅਦ ਇਹ ਗੱਲ ਸਾਫ ਹੋ ਜਾਂਦੀ ਹੈ ਕਿ ਪਹਿਲੀ ਸਿੱਖ ਅੰਗ੍ਰੇਜ਼ੀ ਜੰਗ ਵਿ: ਸੰ: ੧੯੦੩'ਚ ਖਤਮ ਹੋਈ ਸੀ ॥ ਇਹ ਸਿੱਕੇ ਸਾਨੂ ਫੇਰ ਸਮਝੌਂਦੇ ਨੇ ਕਿ ਜ੍ਹਿਧੀ ਪ੍ਰਭੁਤਾ ਹੁੰਦੀ ਹੈ ਸਿੱਕਾ ਭੀ ਉ੍ਹਧਾ ਹੀ ਚਲਦਾ ਹੈ ॥ ਕਸ਼ਮੀਰ'ਚ ਸਿੱਖਾਂ ਦੀ ਪ੍ਰਭੁਤਾ ਖਤਮ ਹੋਣ ਮਗਰੋਂ ਡੋਗਰਿਆਂ ਦੀ ਪ੍ਰਭੁਤਾ ਕਾਇਮ ਹੋਈ ਤਾਂ ਓਨ੍ਹਾਂ ਨੇ ਆਪਣੇ ਸਿੱਕੇ ਚਲਾਏ ॥

ਕਸ਼ਮੀਰ ਦਾ ਆਖਰੀ ਸਿਖ ਸੂਬੇਦਾਰ ਸ਼ੇਖ ਇਮਾਮੂਦ੍ਹੀਨ ਸੀ ॥ ਉੱਪਰਲਾ ਸਿਖ ਸਿੱਕਾ ਇੱਸੇ ਸੂਬੇਦਾਰ ਦੇ ਰਾਜ ਕਾਲ'ਚ ਜਾਰੀ ਹੋਇਆ ਸੀ ॥ ਸ਼ੇਖ ਇਮਾਮੂਦ੍ਹੀਨ ਨੇ ਕਸ਼ਮੀਰ ਗੁਲਾਬ ਸਿੰਘ ਨੂੰ ਸਪੁਰਦ ਕਰਣ ਤੋਂ ਮਨਾ ਕਰ ਦਿਤ੍ਤਾ ॥ ਇਸਲਈ ਗੁਲਾਬ ਸਿੰਘ ਫੌਜ ਲੈਕੇ ਕਸ਼ਮੀਰ'ਤੇ ਚੜ੍ਹਾਈ ਕਰ ਗਇਆ ਅਤੇ ਸ਼ੇਖ ਇਮਾਮੂਦ੍ਹੀਨ ਨੂੰ ਹਟਾ ਦਿਤ੍ਤਾ[੪੯] ॥

ਇਸ ਜੰਗ ਤੋਂ ਬਾਅਦ ਰਾਣੀ ਜਿੰਦਾ ਦਾ ਰਾਜ'ਚ ਅਖਤਿਆਰ ਬਹੁਤ ਘਟ੍ਹ ਗਇਆ ਅਤੇ ਓਹ ਦਰਬਾਰ ਤੋਂ ਬਹੁਤ ਨਰਾਜ਼ ਸੀ ਅਤੇ ਦਰਬਾਰ ਖਿਲਾਫ ਸਾਜਿਸ਼ਾਂ ਕਰਦੀ ਰਹਿੰਦੀ ਸੀ[੫੦] ॥ ਤੇਜ ਸਿੰਘ ਨੂੰ ਸਿਆਲਕੋਟ'ਚ ਜਗੀਰ ਦਿਤ੍ਤੀ ਗਈ ॥ ਜਦੋਂ ਦਲੀਪ ਸਿੰਘ ਨੂੰ ਤਿਲਕ ਲਗਾਓਣ ਵਾਸ੍ਤੇ ਕਿਹਾ ਗਇਆ ਤਾਂ ਰਾਣੀ ਜਿੰਦਾਂ ਦੇ ਕਹਿਣ'ਤੇ ਓਨ੍ਹੇ ਮਨਾ ਕਰ ਦਿਤ੍ਤਾ ॥ ਇਸਤੋਂ ਸਿੱਖ ਸਰਦਾਰ ਨਾਖੁਸ਼ ਹੋ ਗਏ ਅਤੇ ਇਸਨੂੰ ਆਪਣੇ ਰਾਜ ਵਾਸ੍ਤੇ ਖਤਰਨਾਕ ਸਮਝਕੇ ਦਰਬਾਰ'ਚ ਅੰਗ੍ਰੇਜ਼ੀ ਰੈਜ਼ੀਡੈਂਟ ਨੂੰ ਸ਼ਿਕਾਇਤ ਕੀਤ੍ਤੀ ਜਿਸ ਕਰਕੇ ਰਾਣੀ ਜਿੰਦਾ ਨੂੰ ਸ਼ੇਖੂਪੁਰੇ ਦੇ ਕਿਲੇ'ਚ ਨਜ਼ਰਬੰਦ ਕਰ ਦਿਤ੍ਤਾ ਗਇਆ[੫੧] ॥

## ਦੀਵਾਨ ਮੂਲਰਾਜ

ਮੁਲਤਾਨ ਦਾ ਸੂਬੇਦਾਰ ਤੀਹ ਸਾਲ ਤਾਂਈ ਦਿਵਾਨ ਸਾਵਨ ਮੱਲ ਸੀ ॥ ਸਤੰਬਰ ੧੮੪੪'ਚ ਇਨ੍ਹ ਇਕ ਸਿਪਾਹੀ ਨੇ ਮਾਰ ਸਿਟ੍ਹਿਆ[੫੨] ॥ ਇਸਦੇ ਬਾਅਦ ਇਸਦਾ ਪੁਤ੍ਤਰ ਮੂਲਰਾਜ ਮੁਲਤਾਨ ਦਾ ਸੂਬੇਦਾਰ ਬਣਿਆ ॥

ਸਾਵਨ ਮੱਲ ਦਾ ਬਹੁਤ ਸਮਾ ਮੁਲਤਾਨ ਦੇ ਕਿਲੇ ਨੂੰ ਮਜਬੂਤ ਕਰਣ ਅਤੇ ਉ੍ਹਧੇ'ਚ ਗੋਲਾ ਬਾਰੂਦ ਕੱਠਾ ਕਰਨ'ਚ ਨਿੱਕਲਿਆ ॥ ਇ੍ਹਧੀ ਵਜ੍ਹਾ ਸੀ ਕਿ ਆਪਣੇ ਵਾਸ੍ਤੇ ਓਹ ਸਮਾ ਭਾਲ ਰਿਹਾ ਸੀ ਜਦੋਂ ਮੁਲਤਾਨ ਇਕ ਅਜ਼ਾਦ ਮੁਲਕ ਉ੍ਹਧੇ ਹੇਠ ਬਣੇ[੫੩] ॥ ਮੂਲਰਾਜ ਨੂੰ ਇਹ ਇਰਾਦਾ ਅਤੇ ਕਿਲਾ ਦੋਵੇਂ ਵਿਰਾਸਤ'ਚ ਮਿਲੇ ॥

ਮਹਾਰਾਜਾ ਰਣਜੀਤ ਸਿੰਘ ਨੂੰ ਆਪਣੇ ਅਖੀਰੀ ਵਰ੍ਹਿਆਂ'ਚ ਲਗ੍ਹਿਆ ਕਿ ਉਧੇ ਕੁਝ ਨੌਕਰ ਬਹੁਤ ਤਾਕਤਵਰ ਹੋ ਗਏ ਨੇ ਅਤੇ ਤਖ਼ਤ ਵਾਸ੍ਤੇ ਖਤਰਾ ਪੈਦਾ ਕਰ ਸਕਦੇ ਨੇ। ਪਰ ਬੇਇਤ੍ਤਫਾਕੀ ਵਿਖੌਣ ਵਾਸ੍ਤੇ ਬਹੁਤ ਦੇਰ ਹੋ ਚੁੱਕੀ ਸੀ॥ ਡੋਗਰੇ ਅਤੇ ਦਿਵਾਨ ਸਾਵਨ ਮੱਲ ਇਨ੍ਹਾਂ ਲੋਕਾਂ'ਚ ਸਭਤੋਂ ਮੁਹਰੇ ਸੀ॥ ਮੁਲਤਾਨ ਦੇ ਸੂਬੇਦਾਰ ਅਤੇ ਲਾਹੌਰ ਦੇ ਮੁਖ ਵਜ਼ੀਰ ਧਿਆਨ ਸਿੰਘ'ਚ ਇਟ੍ਟ ਕੁੱਤੇ ਦਾ ਵੈਰ ਸੀ॥ ਧਿਆਨ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਉਕਸਾਇਆ ਅਤੇ ਕਿਹਾ ਕਿ ਸਾਵਨ ਮੱਲ ਤੋਂ ਸੂਬੇਦਾਰੀ ਖੋਹ ਕੇ ਭਰਾ ਗੁਲਾਬ ਸਿੰਘ ਨੂੰ ਦੇ ਦਿਤ੍ਤੀ ਜਾਵੇ॥ ਗੁਲਾਬ ਸਿੰਘ ਜਦੋਂ ਮੁਲਾਤਨ ਲਸ਼ਕਰ ਲੈ ਕੇ ਪਹੁੰਚਿਆ ਓੱਥੇ ਪੂਰਾ ਕਿਲਾ ਮੁਕਾਬਲੇ ਵਾਸ੍ਤੇ ਤਿਆਰ ਸੀ ਅਤੇ ਮਰਾਰਾਜੇ ਰਣਜੀਤ ਸਿੰਘ ਨੂੰ ਸਰਦਾਰ ਹਰੀ ਸਿੰਘ ਨਲੂਏ ਦੇ ਅਕਾਲ ਚਲਾਣੇ ਦੀ ਖਬਰ ਮਿਲੀ॥ ਗੁਲਾਬ ਸਿੰਘ ਨੂੰ ਮੁਲਤਾਨ ਛੱਡ ਕੇ ਲਸ਼ਕਰ ਸਮੇਤ ਯਕਦਮ ਪਿਸ਼ਾਵਰ ਅਫਗਾਨੀਆਂ ਦਾ ਮੁਲਾਬਲਾ ਕਰਣ ਵਾਸ੍ਤੇ ਜਾਣ ਨੂੰ ਕਿਹਾ ਗਇਆ॥ ਮਹਾਰਾਜਾ ਰਣਜੀਤ ਸਿੰਘ ਨੇ ਇਸ ਮੁਕਾਬਲੇ ਦੀ ਤਿਆਰੀ ਤੋਂ ਸਬਕ ਲਇਆ ਅਤੇ ਬਿਨਾ ਵਜ੍ਹਾ ਕਿਸੇ ਭੀ ਸੂਬੇਦਾਰ ਨੂੰ ਹਟੌਣ ਵਾਸ੍ਤੇ ਭਵਿਖ'ਚ ਕੋਸ਼ਿਸ਼ ਨਹੀਂ ਕੀਤ੍ਤੀ[੫੪]॥

ਸਾਵਨ ਮੱਲ ਨੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਬਾਅਦ ਸ਼ਹਿਜ਼ਾਦੇ ਨੌ ਨਿਹਾਲ ਸਿੰਘ ਨੂੰ ਇਹ ਕਹਿ ਕੇ ਕਿ ਡੋਗਰੇ ਬਹੁਤ ਮਜਬੂਤ ਹੋ ਰਹੇ ਨੇ ਅਤੇ ਬਗਾਵਤ ਕਰ ਸਕਦੇ ਨੇ। ਪਰ ਇਕ ਮੁਲਤਾਨ ਹੈ ਜੋ ਹਮੇਸ਼ਾਂ ਲਾਹੌਰ ਦਰਬਾਰ ਦਾ ਵਫਾਦਾਰ ਰਹੇਗਾ। ਪਰ ਜੇ ਘੇਰਾ ਪੈ ਜਾਵੇ ਤਾਂ ਕਮਜ਼ੋਰ ਕਿਲਾ ਉਧਾ ਡਟ੍ਟ ਕੇ ਮੁਕਾਬਲਾ ਨਹੀਂ ਕਰ ਸਕਦਾ। ਇਸਲਈ ਕਿਲੇ ਨੂੰ ਮਜਬੂਤ ਕਰਣ ਦਾ ਸਿਰਫ ਓਹ ਹੁਕਮ ਦੇਵੇ॥ ਕੰਵਰ ਇਨ੍ਹਾਂ ਗੱਲਾਂ'ਚ ਆ ਗਇਆ ਅਤੇ ਓਨ੍ਹੇ ਮੁਲਤਾਨ ਦੀ ਆਮਦਾਨ ਨੂੰ ਕਿਲੇ ਨੂੰ ਮਜਬੂਤ ਕਰਨ ਵਾਸ੍ਤੇ ਇਸ੍ਤੇਮਾਲ ਕਰਣ ਦੀ ਆਗ੍ਯਾ ਦੇ ਦਿਤ੍ਤੀ॥ ਕਿਲਾ ਮਜਬੂਤ ਕਰਕੇ ਸਾਵਨ ਮੱਲ ਨੂੰ ਤਸੱਲੀ ਹੋ ਗਈ ਕਿ ਹੁਣ ਓਹ ਅਜ਼ਾਦ ਹੋ ਸਕਦਾ ਹੈ ਕਿਉਂਕਿ ਪੰਜਾਬ'ਚ ਕੋਈ ਭੀ ਫੌਜ ਨਹੀਂ ਸੀ ਜੋ ਉਹ ਕਿਲਾ ਫਤਹਿ ਕਰ ਸਕੇ। ਸਿਰਫ ਓਨ੍ਹ ਲਾਹੌਰ ਸਰਕਾਰ ਦੇ ਡਿਗ੍ਗਣ ਦਾ ਇੰਤਜ਼ਾਰ ਸੀ॥ ਸਾਵਨ ਮੱਲ ਅਤੇ ਮੂਲਰਾਜ ਦੋਵੇਂ ਹਿੰਦੁਸ੍ਤਾਨ'ਚ ਕਿਸੇ ਦੀ ਭੀ ਸਰਪ੍ਰਸਤੀ ਕਰਣ ਨੂੰ ਤਿਆਰ ਸੀ ਬਸ਼ਰਤੇ ਕਿ ਓਨ੍ਹਾ ਦੀ ਅਜ਼ਾਦੀ ਨੂੰ ਜੇ ਓਹ ਹਿੰਦੁਸ੍ਤਾਨ ਦੇ ਸਰਦਾਰ ਮਾਨਤਾ ਦੇ ਦੇਣ॥ ਇਸਲਈ ਇਹ ਧਿਆਨ'ਚ ਰਖਣਾ ਜ਼ਰੂਰੀ ਹੈ ਕਿ ਭਵਿਖ'ਚ ਅਜ਼ਾਦ ਹੋਣ ਦੇ ਸੁਫਨੇ ਵੇਂਖਕੇ ਹੀ ਮੂਲਰਾਜ ਜਵਾਨ ਹੋਇਆ ਸੀ[੫੫]॥

ਦਿਵਾਨ ਸਾਵਨ ਮੱਲ ਦੀ ਮੌਤ ਤੋਂ ਬਾਅਦ ਮੂਲਰਾਜ ਨੂੰ ਓਨ੍ਹਾਂ ਸ਼ਰਤਾਂ'ਤੇ ਹੀ ਸੂਬੇਦਾਰੀ ਦਿਤ੍ਤੀ ਗਈ ਜੋ ਉਧੇ ਪਿਉ ਦੀਆਂ ਸ਼ਰਤਾਂ ਸੀ॥ ਇਹ ਸ਼ਰਤਾਂ ਸੀ ਕਿ ਤੀਹ ਲੱਖ ਰੁਪਈਏ ਦਰਬਾਰ ਨੂੰ ਨਜ਼ਰਾਨਾ ਦਿਤ੍ਤਾ ਜਾਵੇਗਾ॥ ਇਹ ਦੇ ਭੀ ਦਿਤ੍ਤਾ ਜਾਂਦਾ ਜੇ ਪੰਡਤ ਜੱਲ੍ਹਾ ਅਤੇ ਹੀਰਾ ਸਿੰਘ ਜੀਉਂਦੇ ਰਹਿੰਦੇ। ਪਰ ਏਨ੍ਹਾਂ ਦੀ ਮੌਤ ਨਾਲ ਸੱਭ ਕੁਝ ਭੰਬਲ ਭੂਸੇ'ਚ ਪੈ ਗਇਆ॥ ਲਾਲ ਸਿੰਘ ਦੇ ਵਜ਼ੀਰ ਬਣਨ'ਤੇ ਓਨ੍ਹੇ ਫੌਜ ਮੂਲਰਾਜ ਖਿਲਾਫ ਭੇੱਜੀ ਅਤੇ ਮੁਕਾਬਲਾ ਝੰਗ ਨੇੜ੍ਹੇ ਹੋਇਆ॥ ਲਾਲ ਸਿੰਘ ਦੀਆਂ ਫੌਜਾ ਨੂੰ ਮੂਲਰਾਜ ਨੇ ਹਰਾ ਦਿਤ੍ਤਾ॥ ਕੰਪਨੀ ਦੇ ਗਵਰਨਰ ਜਨਰਲ ਦੇ ਦਲਾਲ ਦੀ ਬਿਚੋਲਗਰੀ ਨਾਲ ਇਹ ਸਮਝੋਤ੍ਤਾ ਹੋਇਆ ਕਿ ਮੂਲਰਾਜ ਸੂਬੇਦਾਰੀ ਦੇ ਏਵਜ਼'ਚ ਵੀਹ ਲੱਖ ਰੁਪੱਈਏ ਦੇਵੇਗਾ ਅਤੇ ਝੰਗ ਦਾ ਖਿਤ੍ਤਾ ਛੱਡ ਦੇਵੇਗਾ। ਜੋ ਉਧੇ ਖਿਤ੍ਤੇ ਦਾ ਤਕਰੀਬਨ ਇੱਕ ਤਿਹਾਈ ਸੀ॥ ਅਤੇ ਜੋ ਇਲਾਕਾ ਮੂਲਰਾਜ ਕੋ ਰਹਿ ਜਾਵੇਗਾ। ਉਧਾ ਕਰ ਇਕ ਤਿਹਾਈ ਵਧਾ ਦਿਤ੍ਤਾ ਜਾਵੇਗਾ॥ ਮੂਲਰਾਜ ਨੇ ਇਹ ਸ਼ਰਤਾਂ ਕਬੂਲ ਕਰ ਲਈਆਂ॥ ਜੇ ਅੰਗ੍ਰੇਜ਼ ਵਿਚੋਲਗਿਰੀ ਨਾਂ ਕਰਦੇ ਤਾਂ ਦੀਵਾਨ ਮੂਲਰਾਜ ਨੇ

ਵਿ: ਸੰ: ੧੯੦੪'ਚ ਅਜ਼ਾਦ ਹੋ ਜਾਣਾ ਸੀ[੫੬] ॥



ਵਿ: ਸੰ: ੧੯੦੪ ਦਾ ਮੁਲਤਾਨ ਟਕਸਾਲ ਦਾ ਨਾਨਕਸ਼ਾਹੀ ਸਿੱਕਾ ॥ ਤਸਵੀਰ ਸਟੀਵ ਐਲਬਮ ਰੇਅਰ ਕੋਇਨਜ਼ ਦੇ ਸਦਕੇ
Image courtesy of Steve Album Rare Coins.

ਉਤੇ ਇਕ ਮੁਲਤਾਨ ਟਕਸਾਲ ਦਾ ਵਿ: ਸੰ: ੧੯੦੪ ਦਾ ਨਾਨਕਸ਼ਾਹੀ ਸਿੱਕਾ ਵੇਖਿਆ ਜਾ ਸਕਦਾ ਹੈ ॥ ਇਸਨੂੰ ਅਸੀਂ MTN.04 ਦਾ ਨਾਉਂ ਦਿਤ੍ਰਾ ਹੈ ॥ ਇਸਤੇ ਵਰ੍ਹੇ ਦੇ ਖੱਬੇ ਪੱਸੇ ਰੋਮਨ ਅਖਰਾਂ'ਚ "A" ਘੜ੍ਹਿਆ ਹੋਇਆ ਹੈ ॥ ਹਜੇ ਤਾਂਈ ਇਸਦੇ ਮਤਲਬ ਦਾ ਪਤਾ ਨਹੀਂ ਲਗ੍ਗਿਆ ਹੈ ॥ ਇਸ ਸਿੱਕੇ ਤੇ ਨਾਨਕਸ਼ਾਹੀ ਇਬਾਰਤ ਲਾਹੌਰੀ ਮੁਲਤਾਨੀ NSL.LM ਘੜ੍ਹੀ ਹੋਈ ਹੈ ॥ ਇਹ ਦਿਵਾਨ ਮੂਲਰਾਜ ਦੇ ਰਾਜ ਕਾਲ'ਚ ਹੀ ਜਾਰੀ ਹੋਇਆ ਸੀ ॥

ਸਾਵਨ ਮੱਲ ਨੇ ਆਪਣਾ ਰਾਜ ਪਾਟ ਦਾ ਬੋਝ ਕੁਝ ਹਲਕਾ ਕਰਨ ਵਾਸ੍ਤੇ ਆਪਨੇ ਪੁਤ੍ਰਰ ਕਰਮ ਨਰੈਣ ਨੂੰ ਲਯਾ ਦਾ ਰਾਜ ਅਤੇ ਮੂਲਰਾਜ ਨੂੰ ਝੰਗ ਦਾ ਰਾਜ ਦਿਤ੍ਰਾ ਅਤੇ ਆਪਣੇ ਕੋਲ ਮੁਲਤਾਨ ਰੱਖ ਲਇਆ ॥ ਇਹ ਕਹਾਵਤ ਬੜੀ ਮਸ਼ਹੂਰ ਹੋਈ ਕਿ ਸਾਵਨ ਮੱਲ ਨੇ ਸਾਵਨ ਆਪਣੇ ਕੋਲ ਰੱਖ ਲਇਆ ਕਰਮ ਲਯਾ ਨੂੰ ਦਿਤ੍ਰਾ ਅਤੇ ਝੰਗ ਦੇ ਖਾਤੇ'ਚ ਮੂੱਲਾ(ਇਕ ਕੀੜਾ ਜੋ ਮਕਈ ਦੀ ਜੜਾਂ ਖਾ ਜਾਂਦਾ ਸੀ) ਆਇਆ ॥ ਇ੍ਹਧੇ ਤੋਂ ਹੀ ਮੂਲਰਾਜ ਦੀ ਸਾਖ ਦਾ ਪਤਾ ਚਲ ਜਾਂਦਾਂ ਹੈ[੫੭] ॥

ਨਵੰਬਰ ੧੮੪੭'ਚ ਮੂਲਰਾਜ ਸੂਬੇਦਾਰੀ ਤੋਂ ਇਸਤੀਫਾ ਦੇਣਾਂ ਚਾਹੁਦਾਂ ਸੀ । ਅਤੇ ਹਰਬਰ੍ਹ ਐਡਵਰਡ੍ਸ ਨੇ ਮੂਲਰਾਜ ਨੂੰ ਇੰਝ ਕਰਣ ਤੋਂ ਮਨ੍ਹਾ ਕੀਤ੍ਰਾ । ਅਤੇ ਦਿਵਾਨ ਦੀਨਾਨਾਥ ਨੂੰ ਮਿਲਣ ਵਾਸ੍ਤੇ ਕਿਹਾ ॥ ਪਰ ਕੁਝ ਦਿਨ ਬਾਅਦ ਦਰਬਾਰ'ਚ ਦਿਵਾਨ ਨੇ ਉਚ੍ਚੀ ਅਵਾਜ਼'ਚ ਮੂਲਰਾਜ ਦਾ ਇਸਤੀਫਾ ਪੜ੍ਹਿਆ ਪਰ ਹਰਬਰ੍ਹ ਐਡਵਰਡ੍ਸ ਨੇ ਲੈਣ ਤੋ ਮਨ੍ਹਾ ਕਰ ਦਿਤ੍ਰਾ ਕਿਉਂਕਿ ਇੰਝ ਕਰਣ ਨਾਲ ਦਰਬਾਰ ਨੂੰ ਕਰ ਦਾ ਕਾਫੀ ਨੁਕਸਾਨ ਹੁੰਦਾ ॥ ਕੁਝ ਦਿਨ ਬਾਅਦ ਫੇਰ ਮੂਲਰਾਜ ਆਕੇ ਹਰਬਰ੍ਹ ਐਡਵਰਡ੍ਸ ਨੂੰ ਇਸਤੀਫਾ ਦੇ ਗਇਆ ਅਤੇ ਕਹਿੰਦਾ ਕਿ ਇੰਝ ਕਰਣ ਦੀ ਦੋ ਵਜ੍ਹਾਵਾਂ ਸੀ । ਪਹਿਲੀ ਕਿ ਓਨ੍ਹ ਬਹੁਤ ਕਰ ਨਹੀਂ ਮਿਲਨਾ ਅਤੇ ਦੂਜਾ ਓਹ ਹੁਣ ਕਮਜੋਰ ਹੋ ਗਇਆ ਸੀ ਕਿਉਂਕਿ ਹੁਨ ਲਾਹੌਰ ਦਰਬਾਰ ਨੂੰ ਸਿੱਧਾ ਗੁਹਾਰ ਲਗਾਈ ਜਾ ਸਕਦੀ ਸੀ ॥ ਪਹਿਲੀ ਸ਼ਰਤ ਨੂੰ ਤਾਂ ਹਰਬਰ੍ਹ ਐਡਵਰਡ੍ਸ ਨੇ ਢਿਲ ਦੇਣੀ ਚਾਹੀ ਪਰ ਦੂਜੀ ਇਹ ਕਹਿ ਕਿ ਨਹੀਂ ਮਨ੍ਹੀ ਕਿ ਪੰਜਾਬ'ਚ ਕੋਈ

ਭੀ ਤਾਕਤ ਜਿੜ੍ਹੇ ਲਾਹੌਰ ਦਰਬਾਰ ਦੇ ਕਨੂੰਨ ਨੂੰ ਨਾ ਮਨ੍ਹੇ । ਨੂੰ ਮੰਜੂਰੀ ਨਹੀਂ ਦਿੜ੍ਹੀ ਜਾ ਸਕਦੀ ॥ ਇਸਤੋਂ ਬਾਅਦ ਮੂਲਰਾਜ ਇਸਤੀਫਾ ਦੇਣ ਤੇ ਅੜ ਗਇਆ ॥ ਬਹੁਤਾ ਜੋਰ ਪਾਉਣ'ਤੇ ਓਨ੍ਹੇ ਆਪਣੇ ਵਾਸ੍ਤੇ ਜਗੀਰ ਮੰਗੀ ਪਰ ਹਰਬਰ੍ਹ ਐਡਵਰਡ੍ਸ ਨੇ ਜਗੀਰ ਦੇਣ ਦਾ ਕੋਈ ਭੀ ਵਾਇਦਾ ਨਹੀਂ ਕੀਤ੍ਹਾ ॥ ਜੌਨ ਲੌਰੈਂਸ ਜੋ ਲਾਹੌਰ ਦਰਬਾਰ'ਚ ਰੈਜ਼ੀਡੈਂਟ ਸੀ । ਨੇ ਭੀ ਇਹ ਮਨ੍ਹਿਆ ਕਿ ਮੂਲਰਾਜ ਨੂੰ ਸੂਬੇਦਾਰੀ ਤੋਂ ਅਜ਼ਾਦ ਕਰ ਦੇਣਾ ਚਾਹਿਦਾ ਹੈ ॥ ਮੂਲਰਾਜ ਨੇ ਇਸਤੀਫੇ ਵਾਲੀ ਗੱਲ ਨੂੰ ਆਪਣੇ ਤਾਂਈ ਹੀ ਰੱਖਣ ਅਤੇ ਲਾਹੌਰ ਦਰਬਾਰ ਨੂੰ ਨਾ ਦੱਸਣ ਵਾਸ੍ਤੇ ਹਰਬਰ੍ਹ ਐਡਵਰਡ੍ਸ ਨੂੰ ਕਿਹਾ ਪਰ ਇਨ੍ਹੇ ਕਿਹਾ ਕਿ ਇਹ ਗੱਲ ਅੰਗਰੇਜੀ ਸਰਕਾਰ ਨੂੰ ਤਾਂ ਦੱਸਣੀ ਪਊਗੀ ॥ ਹਰਬਰ੍ਹ ਐਡਵਰਡ੍ਸ ਨੇ ਮੂਲਰਾਜ ਨੂੰ ਕਿਹਾ ਕਿ ਇਹ ਆਪਣੇ ਦੋ ਅਫਸਰ ਰਾਜ ਪਾਟ ਸੰਭਾਲਣ ਵਾਸ੍ਤੇ ਮੁਲਤਾਨ ਭੇੱਜੇਗਾ । ਅਤੇ ਮੂਲਰਾਜ ਇਨ੍ਹਾਂ ਸ਼ਰਤਾਂ ਨੂੰ ਮਣਨ ਵਾਸ੍ਤੇ ਰਾਜੀ ਹੋ ਗਇਆ[੫੮] ॥

ਦਿਵਾਨੀ ਸੇਵਾ(Civil Service) ਦੇ ਪੀ ਏ ਵੈਂਸ ਐਗਨਊ ਅਤੇ ਲੈਫ੍ਟੀਨੈਂ ਡਬਲਯੂ ਏ ਐਂਡਰਸਨ ਨੂੰ ਨਵੇਂ ਨਜ਼ੀਮ ਦੇ ਨਾਲ ਮੁਲਤਾਨ ਜਾਣ ਵਾਸ੍ਤੇ ਚੁਣਿਆ ਗਇਆ ॥ ਇਹ ਦੋਵੇਂ ਲਾਹੌਰ ਤੋਂ ਮੁਲਤਾਨ ਗਰਮੀ ਦੀ ਤਲਖੀ ਤੋਂ ਬਚਣ ਵਾਸ੍ਤੇ ਦਰਿਆ ਦੇ ਰਸ੍ਤੇ ਚਲੇ ਗਏ ਅਤੇ ਇਨ੍ਹਾਂ ਦੀ ਰਾਖੀ ਕਰ ਰਹੇ ਫੌਜੀ ਜ਼ਮੀਨੀ ਰਸ੍ਤੇ ਰਾਹੀਂ ਮੁਲਤਾਨ ਗਏ ॥ ਇੱਥੋਂ ਤਾਂਈ ਕਿ ਸਰਦਾਰ ਕਾਨ੍ਹ ਸਿੰਘ । ਨਵਾਂ ਮੁਲਤਾਨ ਦਾ ਨਜ਼ੀਮ ਭੀ ਫੌਜੀ ਟੁਕੜੀ ਨਾਲ ਨਹੀਂ ਗਇਆ ॥ ਇਹ ਇਕ ਵੱਡੀ ਭੁੱਲ ਸੀ ॥ ਓ੍ਹਧਾ ਸਿਟ੍ਟਾ ਇਹ ਨਿੱਕਲਿਆ ਕਿ ਸਾਰੇ ਫੌਜੀ ਤੇ ਸਰਦਾਰ ੧੮ ਅਪ੍ਰੈਲ ੧੮੪੮ ਨੂੰ ਪਹਿਲੀ ਵਾਰੀ ਮੁਲਤਾਨ ਦੇ ਬਾਹਰ ਮਿਲੇ ਅਤੇ ਓਨ੍ਹਾਂ ਨੇ ਈਦਗਾਹ'ਚ ਡੇਰੇ ਲਾਏ ॥ ਇਹ ਕਿਲੇ ਦੇ ਉੱਤ੍ਰੀ ਪੱਸੇ'ਚ ਤੋਪ ਦੀ ਮਾਰ ਦੇ ਦਾਇਰੇ'ਚ ਸੀ ॥ ਸਿਖ ਫੌਜੀ ਟੁਕੜੀ'ਚ ੧੪੦੦ ਫੌਜੀ ਸੀ ਅਤੇ ਇਨ੍ਹਾਂ'ਚ ੬੦੦ ਗੋਰਖੇ ਸੀ ੭੦੦ ਘੋੜਚੜ੍ਹੇ ਅਤੇ ੬ ਤੋਪਾਂ ਅਤੇ ੧੦੦ ਬੰਦੂਕਚੀ ਸੀ ॥ ਮੂਲਰਾਜ ਦੋ ਵਾਰੀ ਈਦਗਾਹ ਗਇਆ ਅਤੇ ਉਨ੍ਹੂ ਕਿਹਾ ਗਇਆ ਕਿ ੧੯ ਅਪ੍ਰੈਲ ਦੀ ਸਵੇਰ ਨੂੰ ਕਿਲਾ ਨਵੇਂ ਸੂਬੇਦਾਰ ਦੇ ਹਵਾਲੇ ਕਰ ਦੇਵੇ[੫੯] ॥

ਅਗਲੀ ਸਵੇਰ ਯਾਨੀ ਕਿ ੧੯ ਅਪ੍ਰੈਲ ਨੂੰ ਦੋਵੇਂ ਅੰਗ੍ਰੇਜ ਅਫਸਰ ਅਤੇ ਸਰਦਾਰ ਕਾਨ੍ਹ ਸਿੰਘ ਮੂਲਰਾਜ ਨਾਲ ਕਿਲੇ'ਚ ਗਏ ਅਤੇ ਕਿਲੇ ਦੀਆਂ ਚਾਬੀਆਂ ਲਈਆਂ ਅਤੇ ਗੋਰਖਿਆਂ ਦੀਆਂ ਦੋ ਟੁਕੜੀਆਂ ਨੂੰ ਅਤੇ ਆਪਣੇ ਸੰਤਰੀਆਂ ਨੂੰ ਕਿਲੇ'ਚ ਲਗਾ ਦਿੜ੍ਹਾ ॥ ਇਸਤੇ ਦਿਵਾਨ ਦੇ ਫੌਜੀ ਨਰਾਜ਼ ਹੋ ਗਏ ਕਿ ਓਨ੍ਹਾਂ ਦੀ ਰੋਜ਼ੀ ਰੋਟ੍ਟੀ ਚਲੇ ਜਾਵੇਗੀ ॥ ਬਾਅਦ'ਚ ਅੰਗ੍ਰੇਜ਼ੀ ਅਫਸਰਾਂ ਦੇ ਮੁਲਤਾਨੀ ਫੌਜ ਦੇ ਮੁਆਇਨੇ ਵੇੱਲੇ ਹਾਲਾਤ ਇਹ ਸੀ ਕਿ ਓਹ ਕਟ੍ਟਨ ਵੱਢਨ ਨੂੰ ਤਿਆਰ ਸੀ ਸਿਰਫ ਓਨ੍ਹਾਂ ਨੂੰ ਮੂਲਰਾਜ ਤੋਂ ਇਕ ਈਸ਼ਾਰਾ ਚਾਹਿਦਾ ਸੀ ਜੋ ਓਨ੍ਹੇ ਉਸ ਵਕਤ ਨਹੀਂ ਕੀਤ੍ਹਾ ॥ ਇਸ ਬਾਅਦ ਜਦੋਮ ਅੰਗ੍ਰੇਜੀ ਅਫਸਰ ਇਕ ਖਾਈ ਉੱਤ੍ਹੇ ਬਣੇ ਪੁੱਲ ਤੋਂ ਗੁਜ਼ਰ ਰਹੇ ਸੀ ਕਿ ਮੂਲਰਾਜ ਦੇ ਇਕ ਸਿਪਾਹੀ ਅਮੀਰ ਚੰਦ ਨੇ ਨੇੱਜਾ ਮਾਰਕੇ ਐਗਨਊ ਨੂੰ ਘੋੜੇ ਤੋਂ ਹੇਠਾਂ ਸੁਟ੍ਟ ਦਿੜ੍ਹਾ ॥ ਇਸ ਮਗਰ ਤਲਵਾਰ ਨਾਲ ਅਮੀਰ ਚੰਦ ਨੇ ਦੋ ਵਾਰ ਐਗਨਊ ਤੇ ਕੀਤ੍ਹੇ ॥ ਓਨ੍ਹੇ ਤਾਂ ਐਗਨਊ ਨੂੰ ਮਾਰ ਹੀ ਸਿਟ੍ਟਣਾ ਸੀ ਜੇ ਰਾਖੀ ਕਰਣ ਵਾਲੀ ਟੁਕੜੀ ਦਾ ਘੋੜਚੜ੍ਹਾ ਅਮੀਰ ਚੰਦ ਨੂੰ ਖਾਂਈ'ਚ ਨਾਂ ਧੱਕਦਾ ॥ ਖਬਰ ਕਿਲੇ'ਚ ਪਹੁੰਚੀ ਅਤੇ ਛੇਤ੍ਹੀ ਹੀ ਪੂਰਾ ਕਿਲਾ ਧਾਵਾ ਬੋਲਣ ਨੂੰ ਤਿਆਰ ਹੋ ਗਇਆ ॥ ਮੂਲਰਾਜ ਨੇ ਅੰਗ੍ਰੇਜੀ ਅਫਸਰਾਂ ਨੂੰ ਬਚਾਉਣ ਦੀ ਕੋਸ਼ਿਸ਼ ਨਹੀ ਕੀਤ੍ਹੀ ਜੋ ਓ੍ਹਧੇ ਸਦ੍ਦੇ'ਤੇ ਮੁਲਾਤਾਨ ਆਏ ਸੀ ॥ ਮੂਲਰਾਜ ਭੀੜ ਨੂੰ ਚੀਰਦਾ ਹੋਇਆ ਆਪਣੇ ਘਰ ਨੱਸ ਗਇਆ ਅਤੇ ਓ੍ਹਧੇ ਆਪਣੇ ਸਵਾਰਾਂ ਨੇ ਅੱਧ'ਚੋਂ ਮੁੜ ਕੇ ਐਂਡਰਸਨ ਦਾ ਪਿੱਛਾ ਕੀਤ੍ਹਾ ਅਤੇ ਓਨ੍ਹੂ ਬਹੁਤ ਫਟ੍ਟ ਮਾਰੇ ॥ ਐਂਡਰਸਨ ਨੂੰ ਗੋਰਖੇ ਫੌਜੀ ਈਦਗਾਹ'ਚ ਲੈ ਆਏ ॥ ਇਨ੍ਹੇ'ਚ ਸਰਦਾਰ ਕਾਨ੍ਹ ਸਿੰਘ ਨੇ ਜਿਨ੍ਹੂ ਰੰਗ ਰਾਮ ਜੋ ਦਿਵਾਨ ਦਾ ਰਿਸ਼੍ਤੇਦਾਰ ਸੀ ਦੀ ਮਦਦ

ਨਾਲ ਐਗਨਜੂ ਨੂੰ ਭੀੜ ਤੋਂ ਬਚਾ ਕੇ ਆਪਣੇ ਹਾਥੀ'ਤੇ ਬਿਠਾ ਲਇਆ ਅਤੇ ਐਗਨਜੂ ਦੇ ਜ਼ਖਮ ਸੀਨੇ ਸ਼ੁਰੂ ਕਰ ਦਿੜ੍ਹੇ ॥ ਜਿਸ ਰਸ੍ਤੇ ਓਹ ਜਾ ਰਹੇ ਸੀ ਇਹ ਮੂਲਰਾਜ ਦੇ ਬਗੀਚੇ ਆਮ ਖਾਸ ਦੇ ਇਕ ਨੁੱਕਰ'ਤੇ ਸੀ ॥ ਪਰ ਜਦੋਂ ਹੀ ਓਹ ਕਿਲੇ ਅਤੇ ਬਗੀਚੇ ਦੇ ਵਿਚਕਾਰ ਪਹੁੰਚੇ ਬੰਦੂਕਾਂ ਦੀ ਅਵਾਜ਼ ਨੇ ਓਨ੍ਹਾਂ ਨੂੰ ਨੇੜ੍ਹੇ ਨਾਂ ਆਓਣ ਦਾ ਸੁਨੇਹਾ ਦਿੜ੍ਹਾ ॥ ਮੂਲਰਾਜ ਜੋ ਪਹਿਲਾਂ ਹੀ ਨ੍ਹੱਸ਼ ਆਇਆ ਸੀ ਇਸ ਵਕਤ ਬਗੀਚੇ'ਚ ਸੀ । ਅਤੇ ਫੌਜੀਆਂ ਨੇ ਉਧੇ ਕਹਿਣ'ਤੇ ਹੀ ਗੋਲੀਆਂ ਮਾਰੀਆਂ ਸੀ ॥ ਇਸਤੋਂ ਬਾਅਦ ਦੋਵੇਂ ਅਫਸਰਾਂ ਨੂੰ ਈਦਗਾਹ ਵਾਪਿਸ ਲਿਆਇਆ ਗਇਆ ਅਤੇ ਓਨ੍ਹਾਂ ਦੇ ਜ਼ਖਮਾਂ'ਤੇ ਇਕ ਗੋਰਖਿਆਂ ਦੇ ਦੇਸੀ ਵੈਦ ਨੇ ਮਰ੍ਹਮ ਲਗਾਈ ॥ ਮੂਲਰਾਜ ਨੇ ਇਨ੍ਹੇ'ਚ ਰਾਇਜ਼ਾਦਾ ਤੁਲਸੀ ਦਾਸ ਜੋ ਮੂਲਰਾਜ ਦਾ ਇਕ ਮੁਖ ਅਫਸਰ ਸੀ । ਦੇ ਹੱਥੀਂ ਸੁਨੇਹਾ ਭੇੱਜਿਆ ਕਿ ਨਾਂ ਤੇ ਓਹ ਗੁਨਹਗਾਰਾਂ ਦਾ ਸਾਥ ਛੱਡੇਗਾ ਅਤੇ ਨਾਂ ਹੀ ਆਪ ਆ ਸਕਦਾ ਹੈ ਅਤੇ ਪੂਰੇ ਕਿਲੇ ਦੀ ਫੌਜ । ਹਿੰਦੂ ਅਤੇ ਮੁਸਲਮਾਨ ਨੇ ਬਗਾਵਤ ਕਰ ਦਿੜ੍ਹੀ ਹੈ ਅਤੇ ਅੰਗ੍ਰੇਜ ਅਫਸਰ ਆਪਣੀ ਰੱਖੀ ਆਪ ਕਰਣ ॥ ਤੁਲਸੀ ਦਾਸ ਜਦੋਂ ਕਿਲੇ ਵਾਪਿਸ ਪਰਤਿਆ ਪਠਾਨ ਕੁਰਾਨ । ਹਿੰਦੂ ਸ਼ਾਸਤ੍ਰਾਂ'ਤੇ ਅਤੇ ਸਿੱਖ ਗੁਰੂ ਗ੍ਰੰਥ ਸਾਹਿਬ'ਤੇ ਕਸਮਾਂ ਖਾ ਰਹੇ ਸੀ ਅਤੇ ਸਿੱਖ ਤਾਂ ਆਪ ਮੂਲਰਾਜ ਦੇ ਗੁਟ੍ਹ'ਤੇ ਲੜਾਈ ਦਾ ਧਾਗ੍ਹਾ ਬਨ੍ਹ ਰਹੇ ਸੀ ॥ ਜਿਨ੍ਹਾਂ ਵਕਤ ਤੁਲਸੀ ਦਾਸ ਨੂੰ ਆਉਣ ਜਾਣ'ਚ ਲਗ੍ਹਿਆ ਇਨ੍ਹੇ'ਚ ਮੂਲਰਾਜ ਨੇ ਬਗਾਵਤ ਕਰਣ ਦਾ ਮਨ ਬਨਾ ਲਇਆ[੬੦] ॥

੨੦ ਅਪ੍ਰੈਲ ੧੮੪੮ ਨੂੰ ਸਵੇਰੇ ਤ੍ਰਾਸਦੀ ਨੂੰ ਰੋਕਣ ਵਾਸ੍ਤੇ ਇਕ ਆਖਰੀ ਕੋਸ਼ਿਸ਼ ਕੀੜ੍ਹੀ ਗਈ ਅਤੇ ਮੂਲਰਾਜ ਦੇ ਸਰਦਾਰਾਂ ਅਤੇ ਅਫਸਰਾਂ ਨੂੰ ਮਹਾਰਾਜੇ ਦਾ ਪਰਵਾਨ੍ਹਾ ਭੇੱਜਕੇ ਕਿਲਾ ਸਰਦਾਰ ਕਾਨ੍ਹ ਸਿੰਘ ਦੇ ਹਵਾਲੇ ਅਤੇ ਐਗਨਜੂ ਦੇ ਸਾਰੇ ਹੁਕਮ ਮਣਨ ਵਾਸ੍ਤੇ ਕਿਹਾ ਗਇਆ ॥ ਕਿਲੇ'ਚ ਸੁਨੇਹਾ ਲੈ ਕੇ ਜਾਣ ਵਾਲੇ ਹਰਕਾਰਿਆਂ ਨੇਂ ਮੂਲਰਾਜ ਨੂੰ ਮੁੜ ਲੋਕਾਂ ਨੂੰ ਬਗਾਵਤ ਕਰਣ ਵਾਸ੍ਤੇ ਉਕਸਾਉਂਦੇ ਹੋਏ ਵੇੱਖਿਆ ॥ ਹਰਕਾਰਿਆਂ ਨੇ ਆਕੇ ਸਾਰੀ ਉੱਮੀਦਾਂ ਖਤਮ ਹੋਣ ਬਾਰੇ ਦੱਸਿਆ ॥ ਐਗਨਜੂ ਨੇ ਬਹਾਵਲਪੁਰ'ਚ ਬਰਤਾਨਵੀ ਦੇਸੀ ਦਲਾਲ(agent) ਨੂੰ ਫੌਜੀ ਮਦਦ ਵਾਸ੍ਤੇ ਲਿਖਿਆ ਅਤੇ ਜਦੋਂ ਤਾਂਈ ਲਾਹੌਰ ਤੋਂ ਫੌਜਾਂ ਮਦਦ'ਚ ਨਹੀਂ ਪਹੁੰਚਦੀਆਂ । ਈਦਗਾਹ'ਚ ਹੀ ਡਟੇ ਰਹਿਣ ਦਾ ਇਰਾਦਾ ਬਣਾਇਆ[੬੧] ॥

ਛੇੜ੍ਹੀ ਹੀ ਸਾਰੇ ਪਰਦੇ ਚੱਕ ਹੋ ਗਏ ਅਤੇ ਕਿਲੇ ਤੋਂ ਅਤੇ ਮੂਲਰਾਜ ਦੇ ਬਗੀਚੇ'ਚੋਂ ਸਾਰੀਆਂ ਤੋਪਾਂ ਈਦਗਾਹ ਤੇ ਚੱਲ ਪਈਆਂ ॥ ਇਸਦੇ ਜਵਾਬ'ਚ ਈਦਗਾਹ ਤੋਂ ਸਿਰਫ ਇਕ ਗੋਲਾ ਦਾਗ੍ਹਿਆ ਗਇਆ ॥ ਇਸਤੋਂ ਬਾਅਦ ਲ਼ਾਹੌਰ ਦੇ ਤੋਪਚੀਆਂ ਨੇ ਗੋਲੇ ਦਾਗ੍ਹਣ ਤੋਂ ਮਨ੍ਹਾ ਕਰ ਦਿੜ੍ਹਾ ॥ ਪਰ ਬਾਗੀਆਂ ਦੀ ਤੋਪਾਂ ਚੁਪ ਨਹੀਂ ਹੋਈਆਂ ॥ ਮੂਲਰਾਜ ਨੇ ਐਗਨਜੂ ਦੇ ਜਵਾਬ'ਚ ਆਪਣਾ ਸਫ਼ੀਰ ਭੇੱਜਿਆ ॥ ਮੂਲਰਾਜ ਨੇ ਸੁਰੱਖਿਆ ਟੁਕੜੀ ਨੂੰ ਬਗਾਵਤ ਕਰ ਅੰਗਰੇਜੀ ਅਫਸਰਾਂ ਨੂੰ ਛੱਡਨ ਵਾਸ੍ਤੇ ਕਿਹਾ ॥ ਇਸ ਟੁਕੜੀ ਦਾ ਘੋੜਚੜ੍ਹਿਆਂ ਦਾ ਸਰਦਾਰ ਮੂਲਰਾਜ ਦੀ ਚਾਲ'ਚ ਆ ਗਇਆ ਅਤੇ ਮੂਲਰਾਜ ਨੇ ਸੋਨੇ ਦੇ ਕੰਗਣ ਅਤੇ ਕੈਂਠੇ ਦੇਕੇ ਬਾਗੀ ਨੂੰ ਆਪਣੇ ਨਾਲ ਮਿਲਾ ਲਇਆ ॥ ਐਗਨਜੂ ਨੇ ਆਪਣੇ ਫੌਜੀਆਂ ਨੂੰ ਇਨ੍ਹਾਂ ਪੈਸਾ ਦਿੜ੍ਹਾ ਕਿ ਓਹ ਤਿੰਨ ਦਿਨਾਂ ਤਾਂਈ ਡਟੇ ਰਹਿਣ ॥ ਪਰ ਸਰਦਾਰ ਕਾਨ੍ਹ ਸਿੰਘ । ਅੱਠ ਦੱਸ ਘੋੜਚੜ੍ਹੇ ਅਤੇ ਅੰਗਰੇਜੀ ਅਫਸਰਾਂ ਦੇ ਘਰੇਲੂ ਨੋਕਰ ਅਤੇ ਓਨ੍ਹਾਂ ਦੇ ਦਫ੍ਹਰ ਦੇ ਕੁਝ ਮੁੰਸ਼ੀਆਂ ਨੂੰ ਛੱਡਕੇ ਸਾਰੇ ਫੌਜੀ ਬਾਗੀ ਹੋ ਗਏ ॥ ਐਗਨਜੂ ਨੇ ਮੂਲਰਾਜ ਕੋਲ ਅਮਨ ਵਾਸ੍ਤੇ ਇਕ ਵਫਦ ਭੇੱਜਿਆ ਅਤੇ ਇਹ ਗੱਲਬਾਤ ਹੋਈ ਕਿ ਅੰਗਰੇਜੀ ਅਫਸਰ ਮੁਲਤਾਨ ਛੱਡ ਦੇਣਗੇ ਅਤੇ ਓਨ੍ਹਾਂ'ਤੇ ਹਮਲਾ ਰੋਕ ਦਿੜ੍ਹਾ ਜਾਵੇਗਾ ॥ ਪਰ ਬਹੁਤ ਦੇਰ ਹੋ ਚੁੱਕੀ ਸੀ ॥ ਸੂਰਜ ਛਿਪ ਰਿਹਾ ਸੀ ਅਤੇ ਦੂਰੋਂ ਖੁਸਰ ਫੁਸਰ ਦੀਆਂ ਆਵਾਜ਼ਾਂ

ਆਉਣ ਲਗ੍ਹੀਆਂ ਅਤੇ ਆਖੀਰ'ਚ ਇਹ ਸ਼ੋਰ'ਚ ਤਬਦੀਲ ਹੋ ਗਈਆਂ ਜਿੜ੍ਹਾ ਓਨ੍ਹਾਂ ਦੇ ਖੂਣ ਨਾਲ ਪਿਆਸ ਬੁਝਾਉਣ ਦਾ ਸ਼ੋਰ ਸੀ ॥ ਸ਼ਹਿਰ'ਚੋਂ । ਆਲੇ ਦੁਆਲਿਓਂ ਅਤੇ ਕਿਲੇ'ਚੋਂ ਫੌਜੀ ਆਪਣੇ ਹਥਿਆਰਾਂ ਨਾਲ ਸ਼ਹਿਰੀ ਬੁੱਢੇ'ਤੇ ਜਵਾਨ ਜਿੜ੍ਹਾ ਭੀ ਹੱਥਿਆਰ ਓਨ੍ਹਾਂ ਨੂੰ ਮਿਲਿਆ । ਲੈ ਕੇ ਆ ਰਹੇ ਸੀ ॥ ਮੂਲਰਾਜ ਦੀ ਇਕ ਮਜ਼੍ਹਬੀ ਟੁਕੜੀ ਭੀੜ ਦੀ ਅਗਵਾਈ ਕਰ ਰਹੀ ਸੀ ॥ ਸਰਦਾਰ ਕਾਨ੍ਹ ਸਿੰਘ ਨੇ ਐਗਨਜੂ ਦੀਆਂ ਮਿਨ੍ਹਤਾਂ ਕੀਤ੍ਹੀਆਂ ਕਿ ਰਹਿਮ ਦੀ ਭੀਖ ਮੰਗੀ ਜਾਵੇ ॥ ਪਰ ਐਗਨਜੂ ਨੇ ਕਿਹਾ ਕਿ "ਜੇ ਇਨ੍ਹਾਂ ਨੇ ਸਾਨ੍ਹੂ ਦੋਵਾਂ ਨੂੰ ਮਾਰਣਾ ਹੈ ਤੇ ਮਾਰ ਦੇਣ । ਸਾਡੇ ਮਗਰੋਂ ਹਜ਼ਾਰਾਂ ਅੰਗਰੇਜ ਆਉਣਗੇ ਅਤੇ ਮੂਲਰਾਜ ਦਾ ਖਾਤਮਾ ਕਰਣਗੇ " ॥ ਭੀੜ ਨੇ ਇਸਤੋਂ ਬਾਅਦ ਕਾਨ੍ਹ ਸਿੰਘ ਨੂੰ ਬੰਦੀ ਬਣਾ ਲਇਆ ਅਤੇ ਐਗਨਜੂ ਅਤੇ ਐਂਡਰਸਨ ਦੇ ਟੋਟ੍ਹੇ ਟੋਟ੍ਹੇ ਕਰ ਸਿਟ੍ਹੇ ॥ ਭੀੜ ਨੇ ਦੋਵਾਂ ਦੀਆਂ ਮੋਈਆਂ ਦੇਹਾਂ ਨੂੰ ਈਦਗਾਹ'ਚੋਂ ਬਾਹਰ ਲਿਆ ਕੇ ਬਦਸਲੂਕੀ ਕੀਤ੍ਹੀ[੬੨] ॥

ਇੰਝ ਮੂਲਰਾਜ ਦੀ ਬਗਾਵਤ ਦੀ ਕਹਾਣੀ ਸ਼ੁਰੂ ਹੋਈ ॥ ਇਹ ਬਗਾਵਤ ਹੀ ਅਗ੍ਹੇ ਚੱਲਕੇ ਲਾਹੌਰ ਦੀਆਂ ਫੌਜਾਂ"ਚ ਫੈਲ ਗਈ ਅਤੇ ਸਿਖ ਰਾਜ ਖੁਸੱਣ ਦਾ ਸਬਬ ਬਣੀ ॥

ਮੁਲਤਾਨ ਦੇ ਫੌਜੀਆਂ ਨੇ ਲੈਫ੍ਹੀਨੈਂ ਐਡਵਰਡ੍ਸ ਹੇਠਾਂ ਸਿਖ ਫੌਜੀਆਂ ਨੂੰ ਖਤ੍ਹ ਲਿਖਿਆ ਅਤੇ ਕਿਹਾ ਕਿ ਜੇ ਤੁਸੀਂ ਸਚ੍ਹੇ ਗੁਰੂ ਕੇ ਸਿੱਖ ਹੋਂ ਤਾਂ ਸਾੱਡੇ ਨਾਲ ਮੁਲਤਾਨ'ਚ ਬਾਗੀਆਂ ਨਾਲ ਆ ਰਲੋ ॥ ਤੁਹਾਨੂੰ ਬਹੁਤੀ ਤਨਖਾਹ ਅਤੇ ਦਿਵਾਨ ਦੀ ਸ਼ਲਾਘਾ ਮਿਲੂਗੀ ॥ ਮਹਾਰਾਜਾ ਦਲੀਪ ਸਿੰਘ ਗੁਰੂ ਮਹਾਰਾਜ ਦੀ ਕਿਰਪਾ ਨਾਲ ਆਪਣੇ ਮੁਲਕ'ਚ ਮਜਬੂਤ ਹੋ ਜਾਵੇਗਾ । ਕਿਤੇ ਭੀ ਗਊਆਂ ਦਾ ਘਾਂਣ ਨਹੀਂ ਹੋਵੇਗਾ ਅਤੇ ਸਿਰਫ ਸਚ੍ਹਾ ਧਰਮ ਹੀ ਵਧੇਗਾ ਫੁੱਲੇਗਾ[੬੩] ॥

ਲੈਫ੍ਹੀਨੈਂ ਐਡਵਰਡ੍ਸ ਨੇ ਜੋ ਡੇਰਾ ਗਾਜ਼ੀ ਖਾਂ'ਚ ਸੀ । ਓੱਥੋਂ ਹੀ ਮੂਲਰਾਜ ਦੀਆਂ ਫੋਜਾਂ ਨਾਲ ਲੜਦਾ ਲੜਦਾ ਮੁਲਤਾਨ ਆ ਪਹੁੰਚਿਆ ਜਿੱਥੇ ਓਨ੍ਹੇ ਹੋਰ ਫੌਜਾਂ ਨਾਲ ਮਿਲਕੇ ਕਿਲੇ ਨੂੰ ਘੇਰਾ ਪਾ ਲਇਆ ॥

ਸ਼ੇਰ ਸਿੰਘ ਅਟਾਰੀਵਾਲੇ ਨੂੰ ਫੌਜ ਸਮੇਤ ਬਗਾਵਤ ਨੂੰ ਨੱਪਣ ਵਾਸ੍ਤੇ ਸਦ੍ਹਿਆ ਗਇਆ ਪਰ ੧੪ ਸਤੰਬਰ ੧੮੪੮ ਨੂੰ ਸ਼ੇਰ ਸਿੰਘ ਨੇ ਆਪ ਬਗਾਵਤ ਕਰ ਦਿਤ੍ਹੀ ਅਤੇ ਮੂਲਰਾਜ ਖਿਲਾਫ ਲੜਾਈ ਯਕਦਮ ਰੁੱਕ ਗਈ[੬੪] ॥

ਜੇ ਜੂਨ ਜਾਂ ਜੁਲਾਈ ੧੮੪੮'ਚ ਹੀ ਇਸ ਬਗਾਵਤ ਨਾਲ ਨਜਿੱਠ ਲਇਆ ਜਾਂਦਾ ਤਾਂ ਸ਼ਾਇਦ ਸਿੱਖ ਰਾਜ ਨਾਂ ਖੁੱਸਦਾ ॥ ਇਹ ਲੈਫ੍ਹੀਨੈਂ ਐਡਵਰਡ੍ਸ ਦਾ ਮਣਨਾ ਸੀ[੬੫] ॥

ਇਸ ਘੇਰੇ ਦੌਰਾਨ ਮੂਲਰਾਜ ਨੇ ਸੋਨੇ ਦੇ ਰੁਪਈਏ ਘੜ੍ਹੇ ॥ ਇਹ ਅੱਧਾ ਗ੍ਰਾਮ ਦੇ ਆਸ ਪਾਸ ਦੇ ਹੁੰਦੇ ਨੇ ॥ ਇਹ ਕਿਹਾ ਜਾਂਦਾ ਹੈ ਕਿ ਚਾਂਦੀ ਮੁੱਕ ਗਈ ਸੀ ਪਰ ਮੂਲਰਾਜ ਕੋਲ ਸੋਨਾ ਬਹੁਤ ਸੀ ॥ ਸੋ ਓਨ੍ਹੇ ਚਾਂਦੀ ਦੇ ਰੁਪਈਏ ਦੀ ਕੀਮਤ ਦੇ ਬਰਾਬਾਰ ਦੇ ਇਹ ਸਿੱਕੇ ਫੌਜੀਆਂ ਨੂੰ ਤਨਖਾਹਾਂ ਦੇਣ ਵਾਸ੍ਤੇ ਘੜ੍ਹੇ ॥



**ਦਿਵਾਨ ਮੂਲਰਾਜ ਚੋਪੜਾ**

ਸਿੱਕਿਆਂ ਦੇ ਸਿੱਧੇ ਪੱਸੇ سہائے ستگورو ਜਿਸਦਾ ਮਤਲਬ ਹੈ "ਸਹਾਇ ਸਤਿਗੁਰੂ" ਅਤੇ ਪੁੱਠੇ ਪੱਸੇ ਘੜ੍ਹਣ ਦਾ ਵਰ੍ਹਾ ۱۹۰۵ ਜਾਂ ੧੯੦੫ ਅਤੇ ਹੇਠਾਂ موندرکا ਜਿਸਦਾ ਮਤਲਬ ਹੈ ਮੁੰਦਰਕਾ ॥ ਹਾਂਸ ਹਰਲੀ ਸਾਹਿਬ ਕਹਿੰਦੇ ਨੇ ਕਿ ਉੜਦੂ'ਚ ਇਹੋ ਜਿਹਾ ਕੋਈ ਲਫਜ਼ ਨਹੀਂ ਹੁੰਦਾ[੬੬] । ਜੋ ਬਿਲਕੁਲ ਠੀਕ ਹੈ ॥ ਦਰਅਸਲ ਇਹ ਤਾਂ ਪੰਜਾਬੀ ਦਾ ਲਫਜ਼ ਹੈ ਜੋ "ਮੁੰਦਰ" ਅਤੇ "ਕਾ" ਲਫਜ਼ਾਂ ਦੇ ਜੋੜ ਨਾਲ ਬਣਿਆ ਹੈ ॥ ਜਿਸਦਾ ਮਤਲਬ ਹੈ ਘੇਰੇ ਦਾ ॥ ਮੁੰਦਰੀ ਲਫਜ਼ ਤਾਂ ਹਰ ਕੋਈ ਜਾਣਦਾ ਹੈ ॥ ਇਸ ਤਰ੍ਹਾਂ ਦੇ ਇੱਕ ਸਿੱਕੇ ਦਾ ਨਮੂਨਾ ਹੇਠਾਂ ਤਸਵੀਰ'ਚ ॥



ਵਿ: ਸੰ: ੧੯੦੫ ਦਾ ਸੋਣੇ ਦਾ ਮੂਲਰਾਜ ਦਾ ਕਿਲੇ ਦੇ ਘੇਰੇ ਵਾਲਾ ਰੁਪਈਆ । ਤਸਵੀਰ ਸਟੀਵ ਐਲਬਮ ਰੇਅਰ ਕੋਇਨਜ਼ ਦੇ ਸਦਕੇ ॥
Image courtesy of Steve Album Rare Coins.

ਇਨ੍ਹਾਂ ਸਿੱਕਿਆਂ ਨੂੰ ਅਸੀਂ MTN.05.Gold ਦਾ ਨਾਉਂ ਦਿੱਤਾ ਹੈ ॥ ਜਿਸਦਾ ਮਤਲਬ ਹੈ ਮੁਲਤਾਨ ਟਕਸਾਲ ਦਾ ਵਿ: ਸੰ: ੧੯੦੫ ਦਾ ਸੋਨੇ ਦਾ ਰੁਪੱਈਆ ॥

ਇਹ ਸਿੱਕੇ ਸ਼ਾਇਦ ਜਨਵਰੀ ੧੮੪੯'ਚ ਘੜ੍ਹੇ ਗਏ ਸੀ ਕਿਉਂਕਿ ਮੁਲਤਾਨ ਦਾ ਘੇਰਾ ਦੂਜੀ ਵਾਰ ੨੭ ਦਿਸੰਬਰ ਨੂੰ ਪਇਆ ਸੀ ਅਤੇ ਦਿਵਾਨ ਮੂਲਰਾਜ ਨੇ ੨੨ ਜਨਵਰੀ ਨੂੰ ਹੱਥਿਆਰ ਸੁਟ੍ਹ ਦਿੱਤੇ ਸੀ[੬੭] ॥

ਲਾਹੌਰ ਦਰਬਾਰ ਨੇ ਜਿਨ੍ਹਾਂ ਨੇ ਮੁਲਤਾਨ'ਚ ਦੋ ਅੰਗਰੇਜ਼ ਅਫਸਰਾਂ ਦਾ ਕਤਲ ਕੀਤ੍ਹਾ ਸੀ ਓਨ੍ਹਾਂ ਨੂੰ ਕੋਈ ਸਜ਼ਾ ਨਹੀਂ ਦਿੱਤ੍ਹੀ ਅਤੇ ਨਾਲ ਇਹ ਭੀ ਕਹਿਆ ਕਿ ਲਾਹੌਰ ਦਰਬਾਰ ਦੀਆਂ ਫੌਜਾਂ ਤੋਂ ਕੋਈ ਉੱਮੀਦ ਨਾ ਰੱਖੀ ਜਾਵੇ ਕਿ ਓਹ ਬਗਾਵਤ ਨੂੰ ਨੱਪਣ ਗੀਆਂ ॥ ਦਰਅਸਲ ਸਿੱਖਾਂ ਨੂੰ ਇਹ ਗੱਲ ਸਮਝ ਨਹੀਂ ਆਈ ਕਿ ਓਹ ਤਾਂ ਅੰਗ੍ਰੇਜ਼ਾਂ ਦੀ ਰਿਆਇਆ ਸੀ ਅਤੇ ਰੈਜ਼ੀਡੈਂਟ

ਅਸਲੀ ਮਹਾਰਾਜਾ[੬੮] ॥ ਯਾਂ ਦੂਜੇ ਸ਼ਬਦਾਂ'ਚ ਕਹਿ ਲਈਏ ਕਿ ਅਸਲ'ਚ ਪੰਜਾਬ ਦੀ ਪ੍ਰਭੁਤਾ ਤਾਂ ਕੰਪਨੀ ਕੋਲ ਜਾ ਚੁੱਕੀ ਸੀ ਜਿਵੇਂ ਕਸ਼ਮੀਰ ਅਤੇ ਬਾਕੀ ਪੰਜਾਬੀ ਰਿਆਸਤਾਂ ਦੀ ਪ੍ਰਭੁਤਾ ॥

ਜਿਵੇਂ ਅਸੀਂ ਪਹਿਲਾਂ ਦੱਸਿਆ ਸੀ ਕਿ ਸ਼ੇਰ ਸਿੰਘ ਅਟਾਰੀਵਾਲੇ ਨੇ ਬਗਾਵਤ ਕਰ ਦਿਤ੍ਰੀ ਸੀ ਅਤੇ ਜੇ ਸ਼ੇਰ ਸਿੰਘ ਇਹ ਬਗਾਵਤ ਨਾਂ ਕਰਦਾ ਤਾਂ ਸ਼ਾਇਦ ਮੁਲਤਾਨ ਭੀ ਨਾਂ ਹੱਥੋਂ ਜਾਂਦਾ ਅਤੇ ਸਿਖ ਰਾਜ ਭੀ ਨਾਂ ਖੁਸੱਦਾ ॥ ਇਹ ਬਗਾਵਤ ਸ਼ੇਰ ਸਿੰਘ ਨੇ ਆਪਨੇ ਪਿਤਾ ਸਰਦਾਰ ਚਤਰ ਸਿੰਘ ਅਟਾਰੀਵਾਲੇ ਜੋ ਹਜ਼ਾਰੇ ਦਾ ਨਜ਼ੀਮ ਸੀ । ਦੇ ਬਗਾਵਤ ਕਰਣ ਅਤੇ ਉਧੇ ਆਪਨੇ ਫੌਜੀਆਂ ਦੀ ਚਾਹ'ਤੇ ਕੀਤ੍ਰੀ ਸੀ[੬੯] ॥

ਦੂਜੀ ਸਿੱਖ ਅਗ੍ਰੇਜੀ ਜੰਗ ਦੀਆਂ ਤਿੰਨ ਮੁਖ ਵਜ੍ਹਾਵਾਂ ਸੀ । ਪਹਿਲੀ ਰਾਣੀ ਜਿੰਦਾ ਦਾ ਦੇਸ ਨਿਕਾਲਾ । ਦੂਜਾ ਮਰਾਰਾਜਾ ਦਲੀਪ ਸਿੰਘ ਦੇ ਵਿਆਹ ਦੀ ਤਰੀਖ ਨਾਂ ਪੱਕੀ ਕਰਨਾ ਅਤੇ ਤੀਜਾ ਸਰਦਾਰ ਚਤਰ ਸਿੰਘ ਅਟਾਰੀਵਾਲੇ ਨਾਲ ਈਸ੍ਰ ਇੰਡੀਆਂ ਕੰਪਨੀ ਦਾ ਵਰਤਾਉ[੭੦] ॥

ਅਤਰ ਸਿੰਘ ਅਟਾਰੀਵਾਲੇ ਨੇ ਬਗਾਵਤ ਰਾਣੀ ਜਿੰਦਾ ਦੇ ਦੇਸ ਨਿਕਾਲੇ ਦੀ ਖਬਰ ਮਗਰੋਂ ਦੁਖੀ ਹੋਕੇ ਕੀਤ੍ਰੀ ॥ ਮਹਾਰਾਜਾ ਦਲੀਪ ਸਿੰਘ ਦਾ ਰਿਸ਼੍ਤਾ ਅਤਰ ਸਿੰਘ ਦੀ ਧੀ ਨਾਲ ਹੋ ਚੁੱਕਿਆ ਸੀ ॥ ਸਰਦਾਰ ਚਤਰ ਸਿੰਘ ਨੇ ਕਿਹਾ ਕਿ ਜੇ ਰੈਜ਼ੀਡੈਂਟ ਵਿਆਹ ਦੀ ਤਰੀਕ ਪੱਕੀ ਕਰਦਾ ਹੈ ਤੇ ਠੀਕ ਹੈ ਨਹੀਂ ਤੇ ਇਸਤੋਂ ਅੰਗ੍ਰੇਜਾਂ ਦੀ ਨੀਅਤ ਦਾ ਪਤਾ ਲਗ ਜਾਵੇਗਾ ॥ ਰੈਜ਼ੀਡੈਂਟ ਨੇ ਕੋਈ ਭਰੋਸੇਜੋਗ ਜਵਾਬ ਦੇਣ ਤੋਂ ਮਨ੍ਹਾ ਕਰ ਦਿਤ੍ਰਾ[੭੧] ॥

ਰੈਜ਼ੀਡੈਂਟ ਨੇ ਜਿਵੇਂ ਸਰਦਾਰ ਚਤਰ ਸਿੰਘ ਅਤੇ ਕੈਪਟ੍ਨ ਐਬਟ ਜੋ ਰੈਜ਼ੀਡੈਂਟ ਦਾ ਇਕ ਮਦਦਗਾਰ ਸੀ ਅਤੇ ਜਿਸਨੂੰ ਸਰਦਾਰ ਦੇ ਕੰਮ ਕਾਜ'ਚ ਮਦਦ ਵਾਸ੍ਤੇ ਕਹਿਆ ਗਇਆ ਸੀ ਨੂੰ ਜਿਵੇਂ ਆਪਸ'ਚ ਨਜਿੱਠਣ ਨੂੰ ਛੱਡਿਆ ਅਤੇ ਸਿੱਖਾਂ ਨੂੰ ਦੂਜੀਆਂ ਜਗ੍ਹਾਂਵਾਂ'ਤੇ  ਇੰਞ ਉਕਸਾਇਆ ਗਇਆ ਕਿ ਇਹ ਸਾਰੀ ਕਾਰਜੁਗਾਰੀ ਬਰਤਾਨੀਆ ਸਰਕਾਰ ਦੀ ਹੈ ਤਾਂ ਕਿ ਮੁਸਲਮਾਨਾਂ ਨੂੰ ਭੜਕਾ ਕੇ ਸਿੱਖਾਂ ਦਾ ਨਾਸ ਕਰਵਾ ਦਿਤ੍ਰਾ ਜਾਵੇ ॥ ਜਦੋਂ ਸਰਦਾਰ ਚਤਰ ਸਿੰਘ ਬਗਾਵਤ ਨੂੰ ਅਮਾਦਾ ਸੀ ਅਤੇ ਓਨ੍ਹੂੰ ਬਿਨਾ ਕਿਸੇ ਫੈਸਲੇ ਦੇ ਸਜ਼ਾ ਦੇ ਦਿਤ੍ਰੀ ਗਈ । ਸਰਦਾਰ ਚਤਰ ਸਿੰਘ ਦੇ ਪੁਤ੍ਰਰਾਂ ਨੇ ਆਪਣੇ ਪਿਉ ਦਾ ਸਾਥ ਦੇਣ ਦਾ ਫੈਸਲਾ ਕੀਤ੍ਰਾ ਅਤੇ ਇੰਞ ਦੂਜੀ ਸਿੱਖ ਅੰਗ੍ਰੇਜੀ ਜੰਗ ਦੀ ਸ਼ੁਰੂਆਤ ਹੋਈ[੭੨] ॥

ਦੂਜੀ ਜੰਗ'ਚ ਸਭਤੋਂ ਪਹਿਲੀ ਲੜਾਈ ਸ਼ੇਰ ਸਿੰਘ ਨੇ ਚਿਲਿਆਂਵਾਲੇ'ਚ ਲੜੀ ॥ ਦੋਵਾਂ ਸਿਖਾਂ ਅਤੇ ਅੰਗ੍ਰੇਜ਼ਾ ਨੇ ਇਸ ਲੜਾਈ'ਚ ਆਪਣੀ ਜਿਤ ਦੱਸੀ[੭੩] ॥ ਇਸਤੋਂ ਬਾਅਦ ਸ਼ੇਰ ਸਿੰਘ ਵਾਪਸ ਮੁੜਦਾ ਹੋਇਆ ਗੁਜਰਾਤ ਪਹੁੰਚਿਆ ਜਿੱਥੇ ੨੧ ਫਰਵਰੀ ਨੂੰ ਮਸ਼ਹੂਰ ਗੁਜਰਾਤ ਦੀ ਲੜਾਈ ਹੋਈ ॥ ਗੁਲਾਬ ਸਿੰਘ ਡੋਗਰੇ ਨੇ ਇਸ ਲੜਾਈ'ਚ ਆਪਣੀਆਂ ਦਸ ਹਜ਼ਾਰ ਫੌਜਾਂ ਭੇਜੀਆਂ[੭੪] ॥ ਰਾਜਾ ਸ਼ੇਰ ਸਿੰਘ ਨੇ ੧੨ ਮਾਰ੍ਚ ੧੮੪੯ ਨੂੰ ਜਰਨੈਲ ਗਿਲਬਰ੍ਟ ਨੂੰ ਆਪਣੀ ਤਲਵਾਰ ਦੇਕੇ ਗੋਡੇ ਟੇਕ ਦਿਤ੍ਰੇ ॥ ਇਸਤੋਂ ਬਾਅਦ ਇਕ ਇਕ ਕਰਕੇ ਬਾਕੀ ਦੇ ਸਰਦਾਰਾਂ ਨੇ ਭੀ ਆਪਣੀਆਂ ਤਲਵਾਰਾਂ ਜਰਨੈਲ ਨੂੰ ਦੇ ਕੇ ਹਾਰ ਕਬੂਲ ਕਰ ਲਈ ॥ ਉ੍ਧੇ ਮਗਰ ਸਿਖ ਫੌਜੀ ਆਏ ਅਤੇ ਆਪਣੇ ਹਥਿਆਰ ਢੇਰੀ ਤੇ ਸੁਟ੍ਟ ਕੇ ਹਾਰ ਕਬੂਲਦੇ ਗਏ ॥ ਓਨ੍ਹਾਂ ਨੂੰ ਆਪਣੇ ਘੋੜ੍ਹੇ ਰੱਖਣ ਦੀ ਇਜਾਜ਼ਤ ਦੇ ਦਿਤ੍ਰੀ ਗਈ ਅਤੇ ਨਾਲ ਹੀ ਇੱਕ ਰੁਪਈਆ ਵਾਪਸ ਜਾਣ ਵਾਸ੍ਤੇ ਦਿਤ੍ਰਾ ਗਇਆ[੭੫] ॥ ਇੰਞ ਅਜ਼ਾਦ ਸਿਖ ਮੁਲਕ ਹਮੇਸ਼ਾ ਵਾਸ੍ਤੇ ਖਤਮ ਹੋ ਗਇਆ ਅਤੇ ਸਿੱਖ ਆਪਣੀ ਅਜ਼ਾਦੀ ਦੀਆਂ ਸਿਰਫ ਅਰਦਾਸਾਂ ਹੀ ਕਰਦੇ ਰਹੇ

"ਰਾਜ ਕਰੇਗਾ ਖਾਲਸਾ । ਆੱਕੀ ਰਹੇ ਨਾ ਕੋਈ ॥" ਸ਼ਾਇਦ ਹੇਠਾਂ ਦਿਤ੍ਤੀ ਤਸਵੀਰ'ਚ ਜੋ ਰੁਪੱਈਆ ਹੈ । ਇਹ੍ਦੇ ਨਾਲ ਦੇ ਰੁਪੱਈਏ ਫੌਜੀਆਂਚ ਵੰਡੇ ਗਏ ਹੋਣੇ ॥ ਇਸ ਸਿੱਕੇ ਤੇ ਛਤਰ ਘੜ੍ਹਿਆ ਹੋਇਆ ਹੈ ॥ ਘੜ੍ਹਣ ਦਾ ਵਰ੍ਹਾ ਫਾਰਸੀ ਅਕਰਾਂ'ਚ

**۱۹۵** ਹੈ ਜੋ ੧੯੦੫ ਵਾਸ੍ਤੇ ਹੈ ॥ ਸਿਫਰ ਜਗ੍ਹਾ ਦੀ ਘਾਟ ਕਰਕੇ ਘੜ੍ਹਿਆ ਨਹੀਂ ਗਇਆ ॥ ਲੰਡੇ ਅਖਰਾਂ'ਚ ਰਾਮ ਛਤਰ ਹੇਠ ਘੜ੍ਹਿਆ ਹੋਇਆ ਹੈ ॥ ਲੰਡੇ ਅੱਖਰ ਸ਼ਾਹੂਕਾਰ ਆਪਣੇ ਬਹੀ ਖਾਤੇ ਲਿਖਣ ਵਾਸ੍ਤੇ ਇਸ੍ਤੇਮਾਲ ਕਰਦੇ ਹੁੰਦੇ ਸੀ ॥



ਵਿਃ ਸੰਃ ੧੯੦੫ ਦਾ ਸ੍ਰੀ ਅਮ੍ਰਿਤਸਰ ਟਕਸਾਲ ਦਾ ਨਾਨਕਸ਼ਾਹੀ ਸਿੱਕਾ ਰਾਮ ਲੰਡੇ ਅਖਰਾਂ'ਚ ਤਸਵੀਰ ਸਟੀਵ ਐਲਬਮ ਰੇਅਰ ਕੋਇਨਜ਼ ਦੇ ਸਦਕੇ ॥
Image courtesy of Steve Album Rare Coins.

ਵੈਸੇ ਸਿੱਖਾਂ ਦੇ ਕੁਝ ਸਿੱਕੇ ਵਿਃ ਸੰਃ ੧੯੦੬ ਦੇ ਸ੍ਰੀ ਅਮ੍ਰਿਤਸਰ ਟਕਸਾਲ ਦੇ ਲੱਭਦੇ ਨੇ ॥ ਵਿਃ ਸੰਃ ੧੯੦੬ ਚੜ੍ਹਿਆ ਹੀ ਸੀ ਕਿ ਸਿੱਖ ਰਾਜ ਖੁੱਸ ਗਇਆ ॥

ਹੇਠਾਂ ਤਸਵੀਰ'ਚ ਵਿਃ ਸੰਃ ੧੯੦੬ ਦਾ ਸ੍ਰੀ ਅਮ੍ਰਿਤਸਰ ਟਕਸਾਲ ਦਾ ਰੁਪੱਈਆ ॥ ਇਹ ਉੱਪਰਲੇ ਵਿਃ ਸੰਃ ੧੯੦੫ ਦੇ ਰੁਪੱਈਏ ਵਰਗਾ ਹੀ ਹੈ ਸਿਰਫ ਘੜ੍ਹਨ ਦਾ ਵਰ੍ਹਾ ਫਾਰਸੀ ਅਖਰਾਂ'ਚ **۱۹۰۶** ਹੈ ॥



ਵਿ: ਸੰ: ੧੯੦੬ ਦਾ ਸ੍ਰੀ ਅਮ੍ਰਿਤਸਰ ਟਕਸਾਲ ਦਾ ਨਾਨਕਸ਼ਾਹੀ ਸਿੱਕਾ ਰਾਮ ਲੰਡੇ ਅਖਰਾਂ'ਚ ਤਸਵੀਰ
ਸਟੀਵ ਐਲਬਮ ਰੇਅਰ ਕੋਇਨਜ਼ ਦੇ ਸਦਕੇ ॥
Image courtesy of Steve Album Rare Coins.

ਹੇਠਾਂ ਇਕ ਸ੍ਰੀ ਅਮ੍ਰਿਤਸਰ ਟਕਸਾਲ ਦਾ ਧੇੱਲਾ ॥ ਘੜ੍ਹਣ ਦਾ ਵਰ੍ਹਾ ਗੁਰਮੁਖੀ ਹਿੰਦਸਿਆਂ'ਚ ੧੯੬ ਵੇੱਖਿਆ ਜਾ ਸਕਦਾ ਹੈ ॥



ਵਿ: ਸੰ: ੧੯੦੬ ਦਾ ਸ੍ਰੀ ਅਮ੍ਰਿਤਸਰ ਟਕਸਾਲ ਦਾ ਧੇੱਲਾ ॥

## ਟਿੱਪਣੀਆਂ :


੧. Some original sources of Punjab History Vidya Sagar suri p20
History of Punjab, Syed Mohd Latif p 350
੨. Ranjit Singh 1st Death Centenary Memorial, Ganda Singh p 22
੩. Sikh Coinage Symbol of Sikh Sovereignty, Surinder Singh p 103
੪. The Coins of the Sikhs, Second Ed Hans Herrli p 49
੫. History of Punjab, Syed Mohd Latif p 353
੬. History of Punjab, Syed Mohd Latif p 351
੭. Coins of the Sikhs, Sri Amritsar Jiyo Gurprit Singh p 87
੮. Ranjit Singh and the Sikh Barrier Between Our Growing Empire and Central Asia, Lepel Griffin p 142
੧੦. Thirty Five Years in the East, John Martin Honigberger(Physician To The Court of Lahore) p 102
Soldier and Traveller, Memoirs of Alexander Gardner p 214
੧੧. Punjab Chiefs, Lepel Griffin p 5
੧੨. Thirty Five Years in the East, John Martin Honigberger(Physician To The Court of Lahore) p 104
੧੩. Ibid p 104
੧੪. Ibid p 105
੧੫. History of Punjab, Syed Mohd Latif p 498
੧੬. Thirty Five Years in the East, John Martin Honigberger(Physician To The Court of Lahore) 105
੧੭. Ibid p 105
੧੮. History of Punjab, Syed Mohd Latif p 499
੧੯. Soldier and Traveller, Memoirs of Alexander Gardner p 224
੨੦. Ibid p 224
੨੧.Thirty Five Years in the East, John Martin Honigberger(Physician To The Court of Lahore) pp 106 - 107
੨੨. Thirty Five Years in the East, John Martin Honigberger(Physician To The Court of Lahore) p 106
੨੩. Ibid p 107
੨੪. History of Punjab, Syed Mohd Latif pp 501 - 502
੨੫. Soldier and Traveller, Memoirs of Alexander Gardner pp 228 - 237
੨੬. ਗੁਲਸ਼ਨ ਏ ਪੰਜਾਬ ਪੰਡਿਤ ਦੇਬੀ ਪ੍ਰਸਾਦ ਪੰਜਾਬੀ ਤਰਜਮਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਪੰਨੇ ੫੫ ਤੋਂ ੫੬
੨੭. Soldier and Traveller, Memoirs of Alexander Gardner p 246
੨੮. ਗੁਲਸ਼ਨ ਏ ਪੰਜਾਬ ਪੰਡਿਤ ਦੇਬੀ ਪ੍ਰਸਾਦ ਪੰਜਾਬੀ ਤਰਜਮਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਪੰਨਾ ੫੬
੨੯. Ibid ਪੰਨਾ ੫੮

੩੦. History of Punjab, Syed Mohd Latif p 514
੩੧. Soldier and Traveller, Memoirs of Alexander Gardner p 247
੩੨. Punjab Chiefs Lepel griffin pp 24 - 25
੩੩. Thirty Five Years in the East, John Martin Honigberger(Physician To The Court of Lahore) p 122
੩੪. Punjab under the Lawrences, Dr. N. M. Khilnani, p 7
੩੫. Ibid p 7
੩੬. Thirty Five Years in the East, John Martin Honigberger(Physician To The Court of Lahore) p 117
੩੭. Ibid p 118
੩੮. Ibid p 121
੩੯. Ibid p 121
੪੦. Soldier and Traveller, Memoirs of Alexander Gardner p 263
੪੧. Ibid p 264
੪੨. Ibid p 269
੪੩. Ibid p 273
੪੪. Thirty Five Years in the East, John Martin Honigberger(Physician To The Court of Lahore) p 123
੪੫. History of Punjab, Syed Mohd Latif p 553
੪੬. Ibid p 554
੪੭. ਗੁਲਸ਼ਨ ਏ ਪੰਜਾਬ ਪੰਡਿਤ ਦੇਬੀ ਪ੍ਰਸਾਦ ਪੰਜਾਬੀ ਤਰਜਮਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਪੰਨਾ ੧੩੧
੪੮. Soldier and Traveller, Memoirs of Alexander Gardner p 274
੪੯. Ibid pp 277 - 278
੫੦. ਗੁਲਸ਼ਨ ਏ ਪੰਜਾਬ ਪੰਡਿਤ ਦੇਬੀ ਪ੍ਰਸਾਦ ਪੰਜਾਬੀ ਤਰਜਮਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਪੰਨਾ ੧੩੯
੫੧. Ibid ਪੰਨਾ ੧੪੦
੫੨. Ibid ਪੰਨਾ ੧੪੧
੫੩. A year on the Punjab Frontier Vol II, Herbert Edwards p 28
੫੪. Ibid pp 29 - 30
੫੫. Ibid pp 31 - 32
੫੬. Ibid pp 33 - 34
੫੭. Ibid p 35
੫੮. Ibid p 39
੫੯. Ibid pp 46 - 48
੬੦. Ibid p 55
੬੧. Ibid pp 55 - 56
੬੨. Ibid pp 57 - 58

६३. Ibid pp 89 - 91
६४. Siege of Mooltan p 40
६५. A year on the Punjab Frontier Vol II, Herbert Edwards p 145
६६. The Coins of the Sikhs, Second Edition, Hans Herrli p 201
६७. History of Punjab, Syed Mohd Latif p 565 - 566
६८.The Annexation of the Punjaub and the Maharaja Duleep Singh, Major Evans Bell p 11
६९. Ibid p 12
७०. Ibid p 12
७१. Ibid pp 22 - 23
७२. Ibid p 37
७३. History of Punjab, Syed Mohd Latif p 569
७४. Ibid p 570
७५. Ibid p 57

# ਸਿੱਕੇ ਕੱਠੇ ਕਿਵੇਂ ਕਰੀਏ

ਇਹ ਸਿੱਕੇ ਕਈ ਨੀਲਾਮੀ ਘਰਾਂ'ਚ ਜਾਂ ਈ ਬੇ । ਵੀ ਕੋਇਨਜ਼(www.vcoins.com) ਵਰਗੇ ਵੈਬ ਸਾਈਟਾਂ ਤੋਂ ਜਾਂ ਫੇਰ ਸਿੱਕੇ ਜਾਂ ਪੁਰਾਣੇ ਸਮਾਨ (antique) ਦੇ ਵਪਾਰੀਆਂ(dealers) ਤੋ ਲਏ ਜਾ ਸਕਦੇ ਨੇ ॥ ਸਿੱਕੇ ਕੱਠੇ ਕਰਣ ਤੋਂ ਪਹਿਲਾਂ ਇਨ੍ਹਾਂ ਬਾਰੇ ਜਾਨਣਾ ਬਹੁਤ ਜਰੂਰੀ ਹੈ ॥ ਸੱਭ ਤੋਂ ਪਹਿਲਾਂ ਹਾਂਸ ਹਰਲੀ ਸਾਹਿਬ ਦੀ ਕਿਤਾਬ ਦ ਕੋਇਨਜ਼ ਔਫ ਦ ਸਿਖਜ਼ ਪੜ੍ਹੋ ॥ ਇਸਦੇ ਨਾਲ ਨਾਲ ਗੁਰਪਸਵਾਸੀ ਡਾ: ਸੁਰਿੰਦਰ ਸਿੰਘ ਜੀ ਦੀ ਕਿਤਾਬ ਸਿਖ ਕੋਇਨੇਜ ਸਿੰਬਲ ਔਫ ਸਿਖ ਸੋਵੈਰਿਨਿਟੀ ਅਤੇ ਦੂਜੇ ਕੈਟਾਲੋਗ ਭੀ ਪੜ੍ਹੋ ਜਿਵੇਂ ਕਿ Standard Catalog of World Coins 1801-1900 ਜਿਧੇ'ਚ ਸਿੱਕਿਆਂ ਦੇ KM ਅੰਕ ਹੁੰਦੇ ਨੇ । ਡਬਲਜੂ ਐਚ੍ਹ ਵੈਲਨ੍ਰਾਈਨ ਦੀ ਦ ਕੌਪਰ ਕੋਇਨਜ਼ ਔਫ ਇੰਡੀਆ । ਦੋ ਜਿਲ੍ਹਾਂ'ਚ ਅਤੇ ਚਾਰਲ੍ਸ ਰੋਜਰਸ ਦਾ ਲੇਖ "ਔਨ ਦ ਕੌਇਨਜ਼ ਔਫ ਦ ਸਿਖ੍ਸ ਭੀ ਜ਼ਰੂਰ ਪੜ੍ਹੋ ॥"

ਨਿਲਾਮੀ ਘਰਾਂ ਦੇ ਪੁਰਾਣੇ ਕੈਟਾਲੋਗਾਂ'ਚੋਂ ਸਿਖ ਸਿੱਕਿਆਂ ਬਾਰੇ ਕਾਫੀ ਕੁਝ ਸਿੱਖਿਆ ਜਾ ਸਕਦਾ ਹੈ ਅਤੇ ਨਾਲ ਇਹ ਭੀ ਪਤਾ ਕੀਤ੍ਰਾ ਜਾ ਸਕਦਾ ਹੈ ਕਿ ਕਿਸ ਮੁਲ'ਚ ਸਿੱਕੇ ਵਿਕੇ ਸੀ ॥ ਇਨ੍ਹਾਂ'ਚ ਇਕ ਵੈਬਸਾਈਟ ਆਈ ਕਲੈਕ੍ਰਰ ਡੌਟ ਕੌਮ(icollector.com) ਕਾਫੀ ਵਧੀਆ ਹੈ ॥

ਬ੍ਰਿਟਿਸ਼ ਮਜੂਜ਼ੀਅਮ'ਚ ਇਕ ਅੱਛੀ ਖਾਸੀ ਸਿੱਖ ਸਿੱਕਿਆਂ ਦੀ collection ਹੈ ॥ ਕੁਝ ਸਿੱਕੇ ਤਾਂ ਕਾਫੀ ਦੁਰਲੱਭ ਨੇ ॥ ਇਨ੍ਹਾਂ ਸਿੱਕਿਆਂ ਨੂੰ https://www.britishmuseum.org/collection/search?keyword=sikh&keyword=coin&image=true&view=grid&sort=object_name__asc&page=1 ਤੇ ਜਾ ਕੇ ਵੇਂਖਿਆ ਜਾ ਸਕਦਾ ਹੈ ॥ ਸਿਖ ਕੋਇਨਜ਼ ਡੌਟ ਇਨ(sikhcoins.in) ਤੇ ਭੀ ਬਹੁਤ ਸਿੱਕੇ ਨੇ ਜਿਨ੍ਹਾਂ ਤੋਂ ਕਾਫੀ ਕੁਝ ਸਿੱਖਿਆ ਜਾ ਸਕਦਾ ਹੈ ॥

ਇਕ ਹੋਰ ਬਹੁਤ ਵਧੀਆ ਸ੍ਰੋਤ ਸਿੱਖ ਸਿੱਕਿਆਂ ਬਾਰੇ ਜਾਣਨ ਦਾ ਕੋਇਨ ਆਰਕਾਈਵਜ਼ ਡੌਟ ਕੌਮ (www.coinarchives.com) ਹੈ ॥ ਇਸ ਕੜੀ ਤੋਂ (https://www.coinarchives.com/w/results.php?search=sikh&s=0&upcoming=0&results=1000) ਭੀ ਸਿੱਖ ਸਿੱਕਿਆਂ ਬਾਰੇ ਕਾਫੀ ਕੁਝ ਜਾਣਿਆ ਜਾ ਸਕਦਾ ਹੈ ॥

ਜ਼ੀਨੋ ਡੌਟ ਆਰ ਯੂ (www.zeno.ru) ਇਕ online forum ਹੈ ॥ ਅਤੇ ਇੱਥੇ ਦੋ ਜਮਾਤਾਂ'ਚ ਸਿੱਖ ਸਿੱਕਿਆਂ ਤੇ ਗੱਲਬਾਤ ਹੁੰਦੀ ਹੈ ॥ ਪਹਿਲਾ । ਸਿਖ ਰਾਜ ਦੇ ਸਿੱਕੇ https://www.zeno.ru/showgallery.php?cat=3318 ਦੂਜਾ ਸਿੱਖ ਰਾਜ ਹੇਠ ਜਗੀਰਾਂ (feudatory states) https://www.zeno.ru/showgallery.php?cat=3319

ਸੋਸ਼ਲ ਮੀਡੀਆ ਤੇ ਭੀ ਜਿਵੇਂ ਫੇਸਬੁਕ ਤੇ ਕਈ ਗ੍ਰੁਪ ਨੇ ਜਿਨ੍ਹਾਂ ਤੇ ਸਿੱਖ ਸਿੱਕਿਆਂ ਬਾਰੇ ਵਿਚਾਰ ਵਟਾਂਦ੍ਰਾ ਕੀਤ੍ਰਾ ਜਾ ਸਕਦਾ ਹੈ ॥ ਵਾਟ੍ਸਐਪ'ਤੇ ਭੀ ਕੁਝ ਗ੍ਰੁਪ ਨੇ ਜਿਨ੍ਹਾਂ'ਚ ਸਿੱਖ ਸਿੱਕਿਆਂ ਬਾਰੇ ਵਿਚਾਰ ਸਾਂਝੇ ਕੀਤ੍ਰੇ ਜਾਂਦੇ ਨੇ ॥

ਸਿੱਕੇ ਕੱਠੇ ਕਰਣ ਤੋਂ ਪਹਿਲਾਂ ਤੁਸੀਂ ਕਿਸੇ ਆਪਣੇ ਸਿੱਕੇ ਕੱਠੇ ਕਰਣ ਵਾਲੇ ਮਿਤ੍ਰਰ ਤੋਂ ਸਿੱਕਿਆਂ ਬਾਰੇ ਜਾਣੋ ਅਤੇ ਆਪ ਵੈੱਖੋ ਨਹੀਂ ਤੇ ਤੁਸੀਂ ਨਕਲਖੋਰਾਂ ਦੇ ਜਾਲ'ਚ ਫੱਸ ਜਾਓਂਗੇ ॥ ਅਜ ਕਲ ਸਿੱਖਾਂ'ਚ ਆਪਣਾ ਇਤਹਾਸ ਅਤੇ ਆਪਣੀ ਵਿਰਾਸਤ ਨੂੰ ਸਾਂਭਣ'ਚ ਬਹੁਤ ਦਿਲਚਸਪੀ ਵੇਖਣ ਨੂੰ ਮਿਲ ਰਹੀ ਹੈ ਅਤੇ ਇਸਦਾ ਫਾਇਦਾ ਇਹ ਧੋਖੇਬਾਜ਼ ਭਰਪੂਰ ਚੁੱਕਦੇ ਨੇ ॥ ਨਕਲੀ ਸਿੱਖ ਸਿੱਕੇ ਇਕ ਵੱਡੀ ਬਿਮਾਰੀ ਬਨ ਗਇਆ ਹੈ ॥

## ਨਕਲੀ ਸਿੱਕੇ

ਤੁਹਾਨੂੰ ਜਾਣ ਕੇ ਹੈਰਾਣੀ ਹੋਵੇਗੀ ਕਿ ਪਹਿਲਾ ਸਿੱਖ ਸਿੱਕਿਆਂ ਦਾ ਨਕਲਬਾਜ਼ ਇਕ ਅਮਰੀਕੀ ਸੀ ਜੋ ਮਹਾਰਾਜਾ ਰੰਣਜੀਤ ਸਿੰਘ ਦੇ ਰਾਜ'ਚ ਗੁਜਰਾਤ ਦਾ ਨਜ਼ੀਮ ਜਾਂ ਸੂਬੇਦਾਰ ਸੀ ॥ ਇਸਦਾ ਨਾਉਂ ਜੋਸਜਾ ਹਾਰਲਨ ਸੀ ॥ ਇਹ ਅਮੈਰੀਕਾ ਦੇ ਪੈਨ੍ਹਸਿਲਵੇਨੀਆ ਸੂਬੇ ਦੇ ਫਿਲੈਡਲਫੀਆ ਸ਼ਹਿਰ ਦਾ ਸੀ ॥ ਇਹ ਦਰਅਸਲ'ਚ ਆਪਣੇ ਭਰਾ ਦੀਆਂ ਡਾਕਟਰੀ ਦੀਆਂ ਕਿਤਾਬਾਂ ਪੜ੍ਹਕੇ ਆਪਣੇ ਆਪ ਨੂੰ ਡੌਕ੍ਰਰ ਕਹਿੰਦਾ ਸੀ ਅਤੇ ਸੱਭਨੂੰ ਦੱਸਦਾ ਭੀ ਸੀ[੧] ॥ ਇਨ੍ਹੇ ਜੁਲਾਈ ੧੮੨੪'ਚ ਕਲਕਤ੍ਰੇ ਮੈਡੀਕਲ ਬੋਰਡ'ਚ ਪਰੀਖਿਆ ਦਿਤ੍ਰੀ ਅਤੇ ਕਲਕਤ੍ਰੇ ਦੇ ਜਨਰਲ ਹਸਪਤਾਲ'ਚ ਸਰਜਨ ਭਰਤੀ ਹੋ ਗਇਆ ॥ ਦਸੰਬਰ ੧੮੨੯'ਚ ਇਨ੍ਹੇ ਮਹਾਰਾਜਾ ਰਣਜੀਤ ਸਿੰਘ ਦੀ ਨੌਕਰੀ ਕਰ ਲਈ ॥ ਇਨ੍ਹੂ ਨੂਰਪੁਰ ਅਤੇ ਜਸਰੋਟ੍ਰੇ ਦਾ ਨਜ਼ੀਮ ਇਕ ਹਜ਼ਾਰ ਰੁਪੱਈਏ ਮਹੀਨੇ ਤੇ ਰੱਖ ਲਇਆ ਗਇਆ[੨] ॥ ਇਹ ਸਿਖ ਰਾਜ'ਚ ਜਰਨੈਲ ਵੱਜੋਂ ਨੌਕਰੀ ਕਰਦਾ ਰਿਹਾ ॥ ਜਦੋਂ ਮਰਾਰਾਜਾ ਰਣਜੀਤ ਸਿੰਘ ਨੂੰ ਪਤਾ ਲਗ੍ਗਿਆ ਕਿ ਹਾਰਲਨ ਨਕਲੀ ਸਿੱਕੇ ਘੜ੍ਹ ਰਹਿਆ ਹੈ ਤਾਂ ਉਸਨੂੰ ਨੌਕਰੀ ਤੋਂ ਬੇਦਖਲ ਕਰ ਦਿਤ੍ਰਾ ਗਇਆ[੩] ॥ ਕਿਉਂਕਿ ਇਹ ਮਹਾਰਾਜਾ ਰਣਜੀਤ ਸਿੰਘ ਦੀ ਪ੍ਰਭੁਤਾ ਨੂੰ ਬਹੁਤ ਵੱਡਾ ਖਤਰਾ ਸੀ ॥

ਨੌਕਰੀ ਤੋਂ ਬੇਦਖਲ ਹੋਣ ਤੋਂ ਬਾਅਦ ਜੋਸਜਾ ਹਾਰਲਨ ਨੇ ਅਫਗਾਨਿਸਤਾਨ ਦੇ ਅਮੀਰ ਦੋਸ੍ਤ ਮੁਹੰਮਦ ਦੀ ਨੌਕਰੀ ਕਰ ਲਈ ॥ ਇਨ੍ਹੇ ਅਤੇ ਇਕ ਹੋਰ ਅੰਗ੍ਰੇਜ਼ ਕੈਂਪਬੈਲ ਨੇ ਮਿਲਕੇ ਅਫਗਾਨਿਸਤਾਨ ਦੀ ਫੌਜ ਨੂੰ ਪੱਛਮੀ ਜੰਗੀ ਤਰੀਕਿਆਂ'ਚ ਸਿਖਲਾਈ ਦਿਤ੍ਰੀ ॥ ਇਸ ਫੌਜ ਨੇ ਅਪ੍ਰੈਲ ੧੮੩੭'ਚ ਜਮਰੂਦ ਤੇ ਹੱਲਾ ਬੌਲਿਆ ਅਤੇ ਉਸ ਜੰਗ'ਚ ਸਿੱਖਾਂ ਦੇ ਵੱਡੇ ਸਰਦਾਰ ਜਰਨੈਲ ਹਰੀ ਸਿੰਘ ਨਲੂਆ ਜੀ ਸ਼ਹੀਦ ਹੋ ਗਏ[੪] ॥

ਜੋ ਸਿੱਕੇ ਹਾਰਲਨ ਨੇ ਘੜ੍ਹੇ ਸੀ ਓਨ੍ਹਾਂ ਨੂੰ ਉਸ ਵੇੱਲੇ ਦੇ ਨਕਲੀ ਸਿੱਕੇ ਜਾਂ ਅੰਗ੍ਰੇਜ਼ੀ'ਚ contemporary fakes ਕਹਿੰਦੇ ਨੇ ॥ ਹੇਠਾਂ ਇਕ ਉਸ ਦੋਰ ਦਾ ਨਕਲੀ ਸਿੱਕਾ ॥



ਵਿ: ਸੰ: ੧੮੭੫ ਦਾ ਲਾਹੌਰ ਟਕਸਾਲ ਦਾ ਉੱਸ ਵੇੱਲੇ ਦਾ ਨਕਲੀ ਸਿੱਕਾ


104½ Philadelphia
March 17th 1843
General Harlan
late aid de Camp
to Dost Mahomed
Ameer of Cabul _
Genl. Harlan Late aid de Camp to Dost Mahomed
Philadelphia 17th March 1843. Ameer of Cabul

**ਜੋਸਜਾ ਹਾਰਲਨ**

ਕੁਝ ਹੋਰ ਨਕਲੀ ਸਿੱਕਿਆਂ ਦੀਆਂ ਤਸਵੀਰਾਂ ਹੇਠਾਂ ਵੇਂਖੀਆਂ ਜਾ ਸਕਦੀਆਂ ਨੇ ॥ ਇਹ ਸਾਰੇ ਅੱਜ ਦੇ ਜਾਂ modern fakes ਨੇ ॥



ਲਾਹੌਰ ਟਕਸਾਲ ਦੇ ਵਿ: ਸੰ: ੧੮੪੨ ਦੇ ਨਾਨਕਸ਼ਾਹੀ ਸਿੱਕੇ ਦੀ ਨਕਲ



ਲਾਹੌਰ ਟਕਸਾਲ ਦੇ ਵਿ: ਸੰ: ੧੮੨੨ ਦੇ ਗੋਬਿੰਦਸ਼ਾਹੀ ਸਿੱਕੇ ਦੀ ਨਕਲ



ਲਾਹੌਰ ਟਕਸਾਲ ਦੇ ਵਿ: ਸੰ: ੧੮੨੨ ਦੇ ਗੋਬਿੰਦਸ਼ਾਹੀ ਸਿੱਕੇ ਦੀ ਨਕਲ



ਵਿ: ਸੰ: ੧੯੦੫ ਦਾਂ ਨਮਕ ਟਕਸਾਲ ਦਾ ਰਾਮ ਜੀ ਮੇਹਰ ਵਾਲਾ ਨਕਲੀ ਸਿੱਕਾ

ਇਸ ਕਿਸਮ ਦਾ ਅਸਲੀ ਸਿੱਕਾ ਸਿਰਫ ਬ੍ਰਿਟਿਸ਼ ਮਜ਼ੂਜ਼ੀਅਮ ਲੰਡਨ'ਚ ਹੈ[੫] ॥



ਵਿ: ਸੰ: ੧੮੨੯ ਦੇ ਮੁਲਤਾਨ ਟਕਸਾਲ ਦੇ ਸਿੱਕੇ ਦੀ ਨਕਲ। ਤਸਵੀਰ ਸਟੀਵ ਐਲਬਮ ਰੇਅਰ ਕੋਇਨਜ਼ ਦੇ ਸਦਕੇ ॥
Image courtesy of Steve Album Rare Coins.

ਉੱਪਰਲੀ ਤਸਵੀਰ'ਚ ਸਿੱਕਾ ਸਟੀਵ ਐਲਬਮ ਰੇਅਰ ਕੋਇਨਜ਼'ਤੇ ਨਿਲਾਮੀ ਵਾਸ੍ਤੇ ਆਇਆ ਸੀ ਪਰ ਜਦੋਂ ਓਨ੍ਹਾਂ ਨੂੰ ਦੱਸਿਆ ਗਇਆ ਕਿ ਇਹ ਨਕਲੀ ਹੈ ਤਾਂ ਇਸ ਸੱਕੇ ਨੂੰ ਨਿਲਾਮੀ'ਚੋਂ ਹਟਾ ਲਇਆ ਗਇਆ ॥ ਇਸ ਸਿੱਕੇ ਤੇ ਘੜ੍ਹੀਆਂ ਹੋਈਆਂ ਇਬਾਰਤਾਂ ਆਮ ਇਸ ਦੌਰ ਦੇ ਮੁਲਤਾਨ੍ਹੀ ਸਿੱਕਿਆਂ ਤੇ ਜੋ ਇਬਾਰਤਾਂ ਹੁੰਦੀਆ ਨੇ ਨਾਲ ਮੇਲ ਨਹੀਂ ਖਾ ਰਹੀ ॥ ਅਖਰਾਂ ਦੀ ਬਨਾਵਟ ਅੱਡ ਹੈ ॥ ਪਿੱਛੇ ਅਸੀਂ ਗੋਬਿੰਦਸ਼ਾਹੀ ਇਬਾਰਤ ਆਮ ਦੱਸਣ ਵੇੱਲੇ ਮੁਲਤਾਨ ਦਾ ਇਕ ਅਸਲੀ ਸਿੱਕਾ ਵੇੱਖ ਆਏ ਹਾਂ ॥ ਇਸਤੋਂ ਪਹਿਲਾਂ ਇਕ ਸਿੱਖ ਮਿਸਲਾਂ ਦੇ ਦੌਰ ਦੀ ਮੋਹਰ ਨੂੰ ਭੀ ਸਟੀਵ ਐਲਬਮ ਰੇਅਰ ਕੋਇਨਜ਼ ਨੇ ਨੀਲਾਮੀ'ਚੋਂ ਕੱਡ ਲਇਆ ਸੀ ॥ ਹੇਠਾਂ ਇਸ ਮੋਹਰ ਦੀ ਤਸਵੀਰ ਵੇੱਖੀ ਜਾ ਸਕਦੀ ਹੈ ॥ ਇਹ ਮੋਹਰ ਪੀ ਸੀ ਜੀ ਐਸ ਯਾਨੀ ਕਿ ਪ੍ਰੋਫੈਸ਼ਨਲ ਕੌਇਨ ਗ੍ਰੇਡਿੰਗ ਸਰਵਿਸ ਨੇ ਤਸਦੀਕ ਕੀਤ੍ਰੀ ਹੈ ॥ ਪਰ ਇਸ ਸੇਵਾ ਦਾ ਇਹ ਕਹਿਣਾ ਹੈ ਕਿ:

Verification of certification numbers on the PCGS Certification Database does not eliminate the risk of buying counterfeit and altered coins. Though uncommon,

counterfeiters may also counterfeit PCGS grading inserts using actual certification numbers derived from public sources.

As a general rule, PCGS encourages the purchase of PCGS verified coins from PCGS Authorized Dealers.

ਇਸਦਾ ਮਤਲਬ ਹੈ ਕਿ ਇਨ੍ਹਾਂ ਦੇ ਤਸਦੀਕ ਕਰਨ ਨਾਲ ਸਿੱਕਾ ਨਕਲੀ ਹੋਣ ਦੀ ਜਿੰਮੇਵਾਰੀ ਘਟ੍ਹ ਨਹੀਂ ਜਾਂਦੀ ॥ ਭਾਂਵੇ ਇਹ ਆਮ ਨਹੀਂ ਹੈ ਪਰ ਨਕਲਖੋਰ ਅਸਲ ਸਰਟੀਫੀਕਟ ਦੇ ਨੰਬਰ ਨਕਲੀ ਸਿੱਕੇ ਵੇਚ੍ਹਣ ਵਾਸ੍ਤੇ ਕਰ ਸਕਦੇ ਨੇ ॥ ਇਸਲਈ ਇਹ ਜਰੂਰੀ ਹੈ ਕਿ ਪੀ ਸੀ ਜੀ ਐਸ ਦੇ ਤਸਦੀਕ ਕੀਤ੍ਹੇ ਸਿੱਕੇ ਇਨ੍ਹਾਂ ਦੀ ਤਸਦੀਕ ਕੀਤ੍ਹੇ ਹੋਏ ਡੀਲਰਾਂ ਕੋਲੋਂ ਹੀ ਲਉ ॥



ਵਿ: ਸੰ: ੧੮੭੮ ਦੀ ਸ੍ਰੀ ਅਮ੍ਰਿਤਸਰ ਟਕਸਾਲ ਦੀ ਨਕਲੀ ਮੋਹਰ ॥

ਤਸਵੀਰ ਸਟੀਵ ਐਲਬਮ ਰੇਅਰ ਕੋਇਨਜ਼ ਦੇ ਸਦਕੇ ॥

Image courtesy of Steve Album Rare Coins.






ਇਹ ਤਸਵੀਰ ਸਟੀਵ ਐਲਬਮ ਰੇਅਰ ਕੌਨਜ਼ ਦੇ ਸਦਕੇ ॥
Image courtesy of Steve Album Rare Coins.

ਤਾਂ ਫੇਰ ਸਵਾਲ ਇਹ ਹੈ ਕਿ ਨਕਲੀ ਸਿੱਕਿਆਂ ਤੋਂ ਕਿਵੇਂ ਬਚੀਏ? ਇਸ ਸਵਾਲ ਦਾ ਜਵਾਬ ਸੌਂਖਾ ਨਹੀਂ ਹੈ ॥ ਪਰ ਜੇ ਕੁਝ ਇਹਤਿਆਤ ਵਰਤੇ ਜਾਣ ਤਾਂ ਕੁਝ ਹੱਦ ਤਕ ਨਕਲੀ ਸਿੱਕਿਆਂ ਅਤੇ ਨਕਲਖੋਰਾਂ ਤੋਂ ਬਚਿਆ ਜਾ ਸਕਦਾ ਹੈ ॥ ਕੁਝ ਅਹਤਿਆਤ ਇੰਝ ਹਨ:

- ਸਿੱਕੇ ਦੇ ਨਾਲ ਦਾ ਸਿੱਕਾ ਵੇਂਖੋ ਕਿ ਸ਼ਕਲ ਸੂਰਤ ਅਸਲੀ ਦੀ ਕਿੰਝ ਹੁੰਦੀ ਹੈ ॥ ਯਾਨੀ ਕਿ ਸਿੱਕੇ ਤੇ ਲਿਖਾਵਤ ਕਿੰਝ ਹੈ? ਇਬਾਰਤ ਕਿਨ੍ਹੀ ਕੁ ਨਜ਼ਰ ਆ ਰਹੀ ਹੈ ॥ ਕੀ ਸਿੱਕੇ ਦੀ ਜ਼ਮੀਨ ਦਾਂਣੇਦਾਰ ਹੈ ਜਾਂ ਸਾਫ ਹੈ?
- ਸਿੱਕੇ ਦਾ ਵਜ਼ਨ ਕੀ ਠੀਕ ਹੈ?
- ਸਿੱਕੇ ਦੀ ਕੀਮਤ ਕਿਨ੍ਹੀ ਮੰਗੀ ਜਾ ਰਹੀ ਰਹੀ ਹੈ? ਜੇ ਜਰੂਰਤ ਤੋਂ ਜ਼ਿਆਦਾ ਘਟ੍ਹ ਹੈ ਤਾਂ ਜ਼ਰੂਰ ਸ਼ੱਕ ਦੀ ਨਿਗਾਹ ਨਾਲ ਵੇਂਖੋ
- ਕਿਸੇ ਸਿੱਕਿਆਂ ਦੇ ਮਾਹਿਰ ਜਾਂ ਜਾਣਕਾਰ ਤੋਂ ਸਲਾਹ ਲਓ ॥
- ਵੇਚਣ ਵਾੱਲੇ ਨੂੰ ਪੁੱਛੋ ਕਿ ਜੇ ਨਕਲੀ ਨਿੱਕਲਿਆ ਤੇ ਕੀ ਓਹ ਵਾਪਿਸ ਲਏਗਾ?
- ਜੇ ਦੁਰਲੱਭ(rare) ਸਿੱਕਾ ਹੈ ਤਾਂ ਉਸ'ਤੇ ਤਾਂ ਜ਼ਰੂਰ ਜਰੂਰਤ ਤੋਂ ਜਿਆਦਾ ਤਵੱਜੋ ਦਿਉ ਕਿਉਂਕਿ ਅੱਜਕਲ ਬਹੁਤੇ ਇਹ ਦੁਰਲੱਭ ਸਿੱਕੇ ਹੀ ਨਕਲੀ ਬਜ਼ਾਰਾਂ'ਚ ਧੱਕੇ ਜਾ ਰਹੇ ਨੇ ॥

ਅਨੰਦਘਰ ਟਕਸਾਲ ਦੇ ਖਾਸ ਕਰ ਕੇ ਵਿ: ਸੰ: ੧੮੪੧ ਦੇ ਬਹੁਤ ਸਿੱਕੇ ਨਕਲੀ ਵੇਂਖਣ ਨੂੰ ਮਿਲਦੇ ਨੇ ॥ ਅਨੰਦਘਰ ਦਾ ਕੋਈ ਭੀ ਸਿੱਕਾ ਹੋਵੇ ਉਸਨੂੰ ਜਰੂਰ ਸ਼ੱਕ ਦਿ ਨਗਾਹ ਨਾਲ ਵੇਂਖਿਉ ॥ ਭਾਂਵੇਂ ਉਹ ਸਿੱਕੇ ਐਨ੍ਹ ਜੀ ਸੀ ਜਾਂ ਪੀ ਸੀ ਜੀ ਐੱਸ ਨੇ ਤਸਦੀਕ ਜਾਂ certify ਹੀ ਕਿਉਂ ਨਾਂ ਕੀਤ੍ਹੇ ਹੋਣ। ਨਕਲੀ ਹੋ ਸਕਦੇ ਨੇ ॥ ਹੇਠਾਂ ਤਸਵੀਰਾਂ'ਚ ਤੁਸੀਂ ਅਨੰਦਘਰ ਦੇ ਤਸਦੀਖ ਕੀਤ੍ਹੇ ਸਿੱਕੇ ਵੇਖ ਸਕਦੇ ਹੋਂ ॥ ਇਹ ਸਿੱਕੇ ਨਕਲੀ ਨੇ ॥



ਵਿ: ਸੰ: ੧੮੪੧ ਦਾ ਅਨੰਦਘਰ ਟਕਸਾਲ ਦਾ ਨਕਲੀ ਸਿੱਕਾ ॥



ਵਿ: ਸੰ: ੧੮੪੨ ਦਾ ਅਨੰਦਘਰ ਟਕਸਾਲ ਦਾ ਨਕਲੀ ਸਿੱਕਾ ॥

ਇਸਦੇ ਨਾਲ ਹੀ ਜੋ ਭੀ ਰੁਪਈਆਂ ਤੋ ਇਲਾਵਾ ਅਨੰਦਘਰ ਟਕਸਾਲ ਦੇ ਸਿੱਕੇ ਨੇ ਓਹ ਸੱਭ ਨਕਲੀ ਨੇ ॥ ਖਾਸ ਕਰ ਕੇ ਅੱਠਿਆਨ੍ਹੀਆ ਅਤੇ  ਚੁਆਨ੍ਹੀਆ ॥

# ਟੋਕਨ

ਟੋਕਨ ਜਾਂ ਯਾਦਗਾਰੀ ਸਿੱਕੇ ॥ ਇਨ੍ਹਾਂ ਨੂੰ ਯਾਦਗਾਰੀ ਇਸਲਈ ਕਿਹਾ ਜਾ ਸਕਦਾ ਹੈ ਕਿਉਂਕਿ ਇਹ ਜਿਆਦਾਤਰ ਲੋਕੀ ਸ੍ਰੀ ਦਰਬਾਰ ਸਾਹਿਬ ਅਮ੍ਰਿਤਸਰ ਮੱਥਾ ਟੇਕਣ ਆਉਣ ਤੇ ਯਾਦਗਾਰ ਵੱਜੋਂ ਮੁੱਲ ਲੈਂਦੇ ਸੀ ॥ ਇਨ੍ਹਾਂ ਦੀ ਕੋਈ ਖਰੀਦ ਫਰੋਖ਼ ਕਰਨ ਵਾਸ੍ਤੇ ਕੀਮਤ ਨਹੀਂ ਹੁੰਦੀ ਸੀ ॥ ਇਨ੍ਹਾਂ ਨੂੰ ਸੁਨਿਆਰੇ ਜਾਂ ਸਰ੍ਰਾਫ ਬਨਾਉਂਦੇ ਹੁੰਦੇ ਸੀ ॥ ਇਨ੍ਹਾਂ ਨੂੰ ਸਰਕਾਰੀ ਟਕਸਾਲਾਂ ਨਹੀਂ ਜਾਰੀ ਕਰਦੀਆਂ ਹੁੰਦੀਆਂ ਸੀ ॥ ਇਨ੍ਹਾਂ ਟੋਕਨਾਂ ਦੇ ਕੁਝ ਨਮੂਨੇ ਹੇਠਾਂ ਤਸਵੀਰਾਂ'ਚ ॥ ਸੱਭ ਤਸਵੀਰਾਂ ਵੀਰ ਯਾਦਵਿੰਦਰ ਸਿੰਘ ਖੇੜ੍ਹਾ ਜੀ ਦੇ ਸਦਕੇ ॥










**ਟਿੱਪਣੀਆਂ :**

੧. A man of Enterprise, The Short Writings of Josiah Harlan p 5

੨. European Adventurers in Northern India, C Grey p 256

੩. Thirty Five Years in the East, John Martin Honigberger p 57, ਡਾ: ਹੋਨਿਗਬਰਗਰ ਨੇ ਹਾਰਲਨ ਦਾ ਨਾਉਂ ਐਲਨ ਦੱਸਿਆ ਹੈ ਪਰ ਸੀ ਗ੍ਰੇ ਨੇ ਆਪਣੀ ਕਿਤਾਬ ਯੂਪਰੋਪੀਅਨ ਐਡਵੈਂਚਰ੍ਰਸ ਔਫ ਨੌਰਦਨ ਇੰਡੀਆ'ਚ ਪੰਨੇ ੨੫੬'ਤੇ ਡਾ: ਹੋਨਿਗਬਰਗਰ ਦਾ ਹਵਾਲਾ ਦੇਕੇ ਹਾਰਲਨ ਗੁਜਰਾਤ ਦੇ ਨਜ਼ੀਮ(Governor) ਬਾਰੇ ਲਿਖਿਆ ਹੈ ਕਿ ਉਹ ਨਕਲੀ ਪੈਸਾ(false money) ਬਣਾ ਰਹਿਆ ਸੀ

੪. Personal Narrative of General Josiah Harlan, Frank E Ross(Editor) p 13

੫. Coin #544 Catalouge of Sikh Coins in British Museum p 72

ਇਸ ਕਿਤਾਬ ਦੀ ਨਕਲ ਤੁਸੀਂ http://www.KhalsaSchool.net ਤੋਂ ਮੁਫ਼ਤ ਪਰਾਪਤ ਕਰ ਸਕਦੇ ਹੋਂ ॥

# STRICTLY FOR FREE DISTRIBUTION.

A free copy of this book can be obtained from http://www.KhalsaSchool.net

ਇਹ ਸਫਾ ਜਾਣ ਬੁਝ ਕੇ ਖਾੱਲੀ ਛੱਡਿਆ ਗਇਆ ਹੈ ॥



ISBN 978-1-77725-441-4